ੴ

NO.
DATE

# ਹੋਲਾ ਮਹੱਲਾ
# ਮਾਨਾਂਵਾਲਾ

ਸੰਮਤ ੧੯੨੫ = ਸੰਨ ੧੮੬੯

9563435334

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

NO. 1

ਸੰਮਤ ੧੯੨੫ 1925

DATE ਸੰਨ ੧੮੬੯ 1869

# ਮਾਨਾਂ ਵਾਲੇ ਦਾ ਹੋਲਾ

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨੰਦੇੜ ਵਿਖੇ ਕੌਤਕ ਰਚਾਉਣ ਪਿਛੋਂ ਸਿੱਖਾਂ ਵਿਚ ਹਰਾਸ ਫੈਲ ਗਿਆ ਸੀ। ਇਕ ਪਾਸੇ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਸਨ ਹੁੰਦੇ ਅਤੇ ਦੂਜੇ ਪਾਸੇ ਮੁਸਲਮਾਨੀ ਰਾਜ ਨਾਲ ਟੱਕਰ ਸੀ। ਕੁਝ ਚਿਰ ਤਾਂ ਬੰਦਾ ਬਹਾਦਰ ਗੁਰੂ ਜੀ ਦੀ ਕਿਰਪਾ ਨਾਲ ਅਤੇ ਸਿੱਖਾਂ ਦੇ ਸਹਿਯੋਗ ਨਾਲ ਮੁਸਲਮਾਨਾਂ ਦੇ ਦੰਦ ਖੱਟੇ ਕਰਦਾ ਰਿਹਾ ਪਰ ਅਖੀਰ ਉਹ ਵੀ ਸਿੱਖਾਂ ਦੀ ਆਪਸੀ ਫੁੱਟ ਕਾਰਨ ਗਿਰਫਤਾਰ ਹੋ ਗਿਆ ਅਤੇ ਕਈ ਸੈਂਕੜੇ ਸਾਥੀਆਂ ਸਮੇਤ ਸ਼ਹੀਦ ਕੀਤਾ ਗਿਆ। ਮੁਸਲਮਾਨਾਂ ਵਲੋਂ ਬੜੇ ਜ਼ੁਲਮ ਹੋਣ ਲੱਗੇ ਅਤੇ ਸਿੱਖ ਵੀ ਕਈ ਧੜਿਆਂ ਵਿਚ ਵੰਡੇ ਗਏ।

ਦੂਜੇ ਪਾਸੇ ਸ੍ਰੀ ਸਤਿਗੁਰੂ ਜੀ ਆਪਣੀ ਸਾਰੀ ਖੇਡ ਗੁਪਤ ਹੀ ਖੇਡ ਰਹੇ ਸਨ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਨ ਹੋਣ ਕਰਕੇ ਧੜੇਬਾਜੀ ਕਾਰਨ ਸਿੱਖ

**ਏਕ ਏਕ ਕੇ ਪੰਥ ਨ ਚਲਹੈ**
**ਏਕ ਏਕ ਕੀ ਘਾਤ ਉਥਲ ਹੈ** (ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਸਤਿਗੁਰੂ ਜੀ ਦੀ ਖੇਡ ਨੇ ਤਾਂ ਵਡੇ ਵਡੇ ਸਿੱਖਾਂ ਨੂੰ ਭੁਲਾ ਦਿੱਤਾ ਸੀ

**ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ।**

ਸਤਿਗੁਰੂ ਜੀ ਦੀ ਖੇਡ ਸਤਿਗੁਰੂ ਜੀ ਹੀ ਜਾਣਦੇ ਹਨ। ਜਦੋਂ ਉਨ੍ਹਾਂ ਦੀ ਆਪਣੀ ਹੀ ਰਜ਼ਾ ਗੁਪਤ ਵਿਚਰਨ ਦੀ ਹੋਵੇ ਤਾਂ ਸਿੱਖਾਂ ਦੇ ਸਾਰੇ ਹੀ ਜਤਨ ਨਿਸਫਲ ਸਮਝੋ। ਉਨ੍ਹਾਂ ਤਾਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਭਾਈ ਅਜਿੱਤੇ ਜੀ ਨਾਲ ਕੀਤੇ ਹੋਏ ਬਚਨ ਕਿ 'ਯਾਰਵਾਂ ਗੁਪਤ ਵਰਤੇਗਾ' ਅਤੇ ਗੁਰਿੰਡ ਨਾਮੇ ਵਿਚ ਲਿਖੇ ਹੋਏ

**"ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ"**

ਨੂੰ ਪੂਰਾ ਕਰਨ ਵਾਸਤੇ ਇਹ ਖੇਡ ਵਰਤਾਈ ਸੀ। ਗਿਆਰਵੇਂ ਜਾਮੇ ਦੇ ਗੁਪਤ ਰਹਿਣ ਵਾਸਤੇ ਇਹ ਜਰੂਰੀ ਸੀ ਕਿ ਉਨ੍ਹਾਂ ਨੂੰ ਗੁਰਗੱਦੀ ਵੀ ਗੁਪਤ ਮਿਲਦੀ ਅਤੇ ਗੁਰਗੱਦੀ ਗੁਪਤ ਤਾਂ ਹੀ ਮਿਲ ਸਕਦੀ ਸੀ ਜੇ ਗੁਰ ਗੱਦੀ ਦੇਣ ਵਾਲਾ ਆਪ ਵੀ ਗੁਪਤ ਵਿਚਰ ਰਿਹਾ ਹੋਵੇ। ਸੋ ਜਿਸ ਤਰ੍ਹਾਂ ਲਿਖਿਆ ਹੋਇਆ ਸੀ ਉਸੇ ਤਰ੍ਹਾਂ ਹੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪ ਗੁਪਤ ਰਹਿਕੇ, ਗੁਪਤ ਥਾਂ ਤੇ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਗੁਪਤ ਰਹਿਣ ਵਾਸਤੇ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ, ਗੁਪਤ ਤਰੀਕੇ ਨਾਲ ਗੁਰ ਗੱਦੀ ਬਖਸ਼ੀ ਸੀ।

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਭਾਵੇਂ ਬਹੁਤਾ ਗੁਪਤ ਹੀ ਰਹੇ ਸਨ ਪਰ ਗੁਪਤ ਰਹਿਣ ਦਾ ਭਾਵ ਇਹ ਨਹੀਂ ਕਿ ਉਹ ਗੁਰੂ ਨਹੀ ਹੋਏ, ਭਾਵ ਇਹ ਹੈ

Sri Satguru Jagjit Singh Ji Elibrary NamdhariElibrary@gmail.com

"ਗੋਇ ਰਾਖੀ ਘਟ ਦੀਪ ਜਿਨ ਨਿਜ ਅਜਮਤ"

ਜਿਤਰ੍ਹਾਂ ਇਕ ਜਗਦਾ ਦੀਵਾ ਕਿਸੇ ਘੜੇ ਵਿਚ ਰਖਿਆ ਜਾਏ (ਗਿਆਨੀ ਗਿਆਨ ਸਿੰਘ ਜੀ)
ਉਹ ਦੂਰੋਂ ਵਿਖਾਈ ਨਹੀਂ ਦਿੰਦਾ ਪਰ ਜਦੋਂ ਘੜੇ ਦੇ ਨੇੜੇ ਹੋ ਕੇ ਵੇਖੀਏ ਤਾਂ ਦਿਸ ਪੈਂਦਾ ਹੈ
ਇਸੇ ਤਰ੍ਹਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਭਾਵੇਂ ਬਹੁਤਾ ਪਰਗਟ ਨਹੀਂ ਸਨ ਹੋਏ
ਪਰ ਹੈਨ ਉਹ ਗੁਰੂ ਹੀ ਸਨ, ਉਹ ਤਾਂ

"ਨਾਮ ਸਿੰਘ ਬਾਲਕ, ਪੈ ਪਾਲਕ ਪੈਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਜਗੀ ਹੈਂ।"

ਭਾਵ ਸ੍ਰੀ ਸਤਿਗੁਰ ਬਾਲਕ ਸਿੰਘ ਜੀ ਖੁਦ ਪੈਗੰਬਰਾਂ (ਅਵਤਾਰਾਂ) ਦੇ ਪਾਲਕ
ਅਤੇ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਸਨ (ਹਨ)।
ਜਿੱਥੇ ਗਿਆਰਵੇਂ ਜਾਮੇ ਬਾਰੇ ਇਹ ਲਿਖਿਆ ਹੋਇਆ ਹੈ ਕਿ

ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ।

ਉੱਥੇ ਬਾਰ੍ਹਵੇਂ ਜਾਮੇ ਬਾਰੇ ਲਿਖਿਆ ਹੋਇਆ ਹੈ ਕਿ

ਜਾਮਾ ਪਹਿਰੋਂ ਬਾਰ੍ਹਵਾਂ ਪ੍ਰਗਟੈ ਆਦਿ ਰਘੁਵੰਸ਼,
ਸੰਗਤ ਮਿਲੈ ਅਨੰਤ ਤਬ ਜਾਨੋ ਕੋਟ ਸਹੰਸ਼॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਫੌਜ ਵਿਚ ਰਹਿੰਦਿਆਂ ਹੀ ਵੇਖ ਲਿਆ ਸੀ ਕਿ ਸਿੱਖ ਅਨੇਕ ਕੁਰੀਤੀਆਂ ਦੇ ਸ਼ਿਕਾਰ ਹੋ ਚੁਕੇ ਹਨ, ਸਿੱਖ ਸਰਦਾਰ ਜਗੀਰਾਂ ਦੇ ਅਫਰਾ ਨਾਲ ਸਿੱਖੀ ਚਰਿਤਰ, ਸਿੱਖੀ ਰਹਿਤ ਅਥਵਾ ਸਿੱਖੀ ਜੋਸ਼ ਬਿਲਕੁਲ ਤਿਆਗ ਬੈਠੇ ਹਨ, ਸਿੱਖ ਫੌਜ ਅਤੇ ਸਿੱਖ ਸਰਕਾਰ ਈਰਖਾ ਅਤੇ ਫੁੱਟ ਦਾ ਸ਼ਿਕਾਰ ਹੋ ਚੁਕੀਆਂ ਹਨ।
ਇਸੇ ਫੁੱਟ ਕਾਰਨ ਹੀ ਸਿੱਖ ਫੌਜਾਂ ਮੁਦਕੀ ਦੀ ਅੰਗਰੇਜ਼-ਸਿਖ ਲੜਾਈ ਵਿਚ ਬੁਰੀ ਤਰ੍ਹਾਂ ਹਾਰੀਆਂ ਸਨ ਅਤੇ ਇਸੇ ਹਾਰ ਨਾਲ ਸਾਰਾ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ ਸੀ। ਸਿੱਖ ਫੌਜਾਂ ਤੋੜ ਦਿਤੀਆਂ ਗਈਆਂ। ਸਿੱਖ ਫੌਜਾਂ ਦੇ ਜਥੇਦਾਰਾਂ ਨੂੰ ਗਿਰਫਤਾਰ ਕੀਤਾ ਗਿਆ।

ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਸਿੱਖਾਂ ਵਿਚੋਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸਿੱਖੀ ਇਕ ਕਿਸਮ ਦੀ ਅਲੋਪ ਹੀ ਹੋ ਗਈ ਹੈ

ਸਿਖੀ ਦਸਮੇਸ਼ ਕੀ ਸੁ ਕੀ ਅਪਰਦੇਸ਼ ਕੀ

ਅਤੇ ਹੁਣ

ਅਸਿਖੀ ਪਰੀ ਪੇਸ਼ਗੀ

ਜਿਵੇਂ

ਫਿਨਾਰ ਬਨ ਠਨ ਕੈ ।

(ਵੇਸ਼ਜਾ)

ਜਦੋਂ ਸਿੱਖੀ ਦੀ ਇਹ ਹਾਲਤ ਹੋ ਗਈ ਤਾਂ

ਪੰਥ ਖਾਲਸਾ ਖੇਤੀ ਮੇਰੀ

ਕਰਹੋਂ ਸੰਭਾਲਨ ਮੈਂ ਤਿਸ ਬੇਰੀ

ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਿਕਰਮੀ ਸੰਮਤ ੧੯੧੪ ਦੀ ਵੈਸਾਖੀ ਵਾਲੇ ਦਿਨ (੧੨ ਅਪਰੈਲ ੧੮੫੭) ਸ੍ਰੀ ਭੈਣੀ ਸਾਹਿਬ ਵਿਚ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਸਿੱਖਾਂ ਨੂੰ ਛਕਾ ਕੇ ਸਿੱਖੀ ਸੁਧਾਰ ਦਾ ਮੁੱਢ ਬੰਨ੍ਹਿਆ ਅਤੇ ਸਫੈਦ ਝੰਡਾ ਲਹਿਰਾਇਆ। ਸ੍ਰੀ ਸਤਿਗੁਰੂ ਜੀ ਨੇ, ਸਿੱਖ ਰਾਜ ਦੇ ਜਾਣ ਦਾ ਦਰਦਨਾਕ ਨਜ਼ਾਰਾ ਅਪਣੀ ਅੱਖੀਂ ਵੇਖਿਆ ਸੀ। ਉਨ੍ਹਾਂ ਨੇ ਦੇਸ਼ ਦੀ ਗੁਲਾਮੀ ਅਤੇ ਸਿੱਖੀ ਦੀ ਹਾਨੀ ਅਨੁਭਵ ਕਰਕੇ ਹੀ ਸੰਤ ਖਾਲਸੇ ਦੀ ਸਾਜਨਾ ਕੀਤੀ ਸੀ।

ਸ੍ਰੀ ਸਤਿਗੁਰੂ ਜੀ ਨੇ ਲੋਕਾਂ ਨੂੰ ਠੀਕ ਰਾਹੇ ਪਾਉਣ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਦੌਰੇ ਕਰਕੇ ਧਰਮ ਦਾ ਪਰਚਾਰ ਸ਼ੁਰੂ ਕੀਤਾ। ਜਿਥੇ ਵੀ ਜਾਂਦੇ, ਸ੍ਰੀ ਗ੍ਰੰਥ ਸਾਹਿਬ ਦੀ ਬੀੜ ਦਾ ਪਤਾ ਕਰਦੇ, ਜਿਥੋਂ ਦੀ ਦਸ ਪੈਂਦੀ ਉਥੋਂ ਮੰਗਾਵਾਉਂਦੇ, ਅਪਣੇ ਦਸਤਾਰੇ ਨਾਲ ਸਾਫ ਕਰਦੇ ਅਤੇ ਧਰਮਸਾਲੇ ਦੀ ਸਫਾਈ ਕਰਵਾ ਕੇ ਉੱਥੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਉਂਦੇ।

ਸ੍ਰੀ ਸਤਿਗੁਰੂ ਜੀ ਦੀ ਸ਼ਖਸੀਅਤ ਵਿਚ ਕੋਈ ਐਸਾ ਚਮਤਕਾਰ ਸੀ ਕਿ ਜਿਹੜਾ ਵੀ ਆਪ ਜੀ ਦਾ ਉਪਦੇਸ਼ ਸੁਣਦਾ ਆਪ ਜੀ ਦਾ ਅਨੁਯਾਈ ਹੋ ਜਾਂਦਾ, ਜਦੋਂ ਸਤਿਗੁਰੂ ਜੀ ਨੇ ਪਾਖੰਡ ਰਹਿਤ ਸਿਖੀ ਪਰਚਾਰ ਅਤੇ ਸਮਾਜ ਸੁਧਾਰ ਦਾ ਕੰਮ ਸ਼ੁਰੂ ਕੀਤਾ ਤਾਂ ਲੱਖਾਂ ਹੀ ਇਸਤਰੀਆਂ ਪੁਰਖ ਆਪ ਜੀ ਦੇ ਸਿੱਖ ਸੱਜ ਗਏ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ,

ਸਿੰਘ ਪੰਥ ਬਿਰਧਾਇਓ ਨਾਮ ਰਸ ਪਾਇਓ

ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਜਾਰੀ,

ਠੱਗੀ ਤਜਿ, ਥੀਏ ਸੰਤ, ਸਤਿਜੁਗ ਆਇਓ

Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਦੇ ਨਿਰਪੱਖ ਅਤੇ ਪ੍ਰਸਿਧ ਲਿਖਾਰੀ ਸ੍. ਗੁਰਬਖਸ਼ ਸਿੰਘ ਜੀ ਪ੍ਰੀਤ ਲੜੀਵਾਲੇ ਇਕ ਲੇਖ ਵਿਚ ਲਿਖਦੇ ਹਨ :-

ਉਨ੍ਹਾਂ ਦੀ ਸ਼ਖਸੀਅਤ ਵਿਚ ਇਹੋ ਜਿਹਾ ਚਮਤਕਾਰ ਸੀ ਕਿ ਉਨ੍ਹਾਂ ਦੇ ਸ਼ਬਦਾਂ ਉਤੇ ਕੋਈ ਦੁਨੀਆਂ ਪਲਰਦੀ ਦਿਸਦੀ ਸੀ

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਰਾਮ ਸਿੰਘ ਜਾਇ ਜਿਤ ਸਿੱਖ ਹ੍ਵੈ ਹਜਾਰੋਂ ਤਿਤ
ਭੇਟ ਦੈਹੈਂ ਪੀਨ ਧਨ, ਦੀਨ ਬੋਲ ਬੈਨ ਹੈਂ
(ਬਹੁਤ) (ਅਧੀਨਗੀ ਨਾਲ ਅਰਜ਼ਾ ਕਰਦੇ ਹਨ)

ਭਾਵ ਸ੍ਰੀ ਸਤਿਗੁਰੂ ਜੀ, ਜਿੱਥੇ ਵੀ ਜਾਂਦੇ, ਹਜ਼ਾਰਾਂ ਹੀ ਨਵੇਂ ਸਿੱਖ ਸਜ ਜਾਂਦੇ। ਸਤਿਗੁਰੂ ਜੀ ਦੇ ਦਰਸ਼ਨ ਵਿਚ ਕੋਈ ਐਸੀ ਮਿਕਨਾ ਤੀਸੀ ਕਸ਼ਸ਼ ਸੀ ਕਿ ਲੋਕੀ ਆਪਣੇ ਆਪ ਹੀ ਖਿਚੇ ਆਉਂਦੇ ਸਨ। ਕਈ ਤਾਂ ਦਰਸ਼ਨ ਕਰਦਿਆਂ ਸਾਰ ਹੀ ਮਸਤਾਨੇ ਹੋ ਜਾਂਦੇ ਸਨ ਅਤੇ ਕਹਿਣ ਲਗ ਪੈਂਦੇ ਸਨ।

ਆਈਨਾਏ ਖੁਦਾ ਨੁਮਾ ਹਸਤ ਰੂਏ ਤੋ
ਦੀਦਾਰੇ ਹਕਜ਼ਿ ਆਈਨਾਏ ਰੂਏ ਤੂ ਮੇਕੁਨਦ।

(ਦੀਵਾਨ ਨੰਦ ਲਾਲ ਜੀ)

(ਭਾਵ ਉਹ ਸਤਿਗੁਰੂ ਜੀ ਦੇ ਚੇਹਰੇ ਤੋਂ ਪ੍ਰਮੇਸ਼ਰ ਦਾ ਦੀਦਾਰ ਕਰਦੇ ਸਨ)

ਸਿੱਖ ਤਾਂ ਸਤਿਗੁਰੂ ਜੀ ਨੂੰ ਅਕਾਲ ਪੁਰਖ ਕਰਕੇ ਮੰਨਦੇ ਸਨ (ਹਨ) ਅਤੇ ਉਨ੍ਹਾਂ ਦੇ ਹਰ ਹੁਕਮ ਨੂੰ ਦਰਗਾਹੀ ਹੁਕਮ ਸਮਝਦੇ ਸਨ (ਹਨ)

ਹੁਣ ਜਿਉਂ ਜਿਉਂ ਸਤਿਗੁਰੂ ਜੀ ਦਾ ਜੱਸ ਫੈਲਣ ਲੱਗਾ, ਤਿਉਂ ਤਿਉਂ ਅੰਗ੍ਰੇਜ਼ਾਂ ਦੇ ਦਿਲ ਧੜਕਨ ਲੱਗੇ। ਸਰਕਾਰ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿ ਇਸ਼ ਰਾਜ ਵਿਚ ਕਿਸੇ ਆਦਮੀ ਨੂੰ "ਸੱਚਾ ਪਾਤਸ਼ਾਹ" ਕਹਿਆ ਜਾਣੇ ਜਾਂ ਕਿਸੇ ਆਦਮੀ ਦੀ ਇੰਨੀ ਮਾਨਤਾ ਹੋਵੇ ਕਿ ਲੱਖਾਂ ਆਦਮੀ ਉਸ ਦੇ ਇਸ਼ਾਰੇ ਤੇ ਚਲਦੇ ਹੋਣ ਅਤੇ ਉਸ਼ ਵਾਸਤੇ ਅਪਣੀਆਂ ਜਾਨਾਂ ਵੀ ਕੁਰਬਾਨ ਕਰਨ ਤਕ ਤਿਆਰ ਹੋਣ। ਇਸੇ ਲਈ ਸਰਕਾਰ ਨੇ ਸਤਿਗੁਰੂ ਜੀ ਦਾ ਪਰਚਾਰ ਬੰਦ ਕਰਨ ਲਈ ਸਤਿਗੁਰੂ ਜੀ ਵਾਸਤੇ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦੀ ਦਾ ਹੁਕਮ ਦੇ ਦਿੱਤਾ।

ਸ੍ਰੀ ਸਤਿਗੁਰੂ ਜੀ ਭਾਵੇਂ ਜੂਹ ਬੰਦ ਸਨ ਪਰ ਫਿਰ ਵੀ ਆਪ ਜੀ ਨੇ ਅਪਣੇ ਪਰੋਗ੍ਰਾਮ ਨੂੰ ਚਾਲੂ ਹੀ ਰਖਿਆ। ਪਰਚਾਰ ਜਾਰੀ ਰਖਣ ਲਈ ਆਪ ਜੀ ਨੇ ਪਹਿਲਾਂ ਪੰਜ ਅਤੇ ਫਿਰ ਸਤਾਰਾਂ ਸੂਬੇ ਨਿਯੁਕਤ ਕੀਤੇ।

ਸੂਬੇ ਕੀਨੇ ਬਾਈ, ਤਿਨ ਅਕਬਾਰ ਸ਼ਾਹਿ ਨਿਆਈ
ਉਨ ਕੀ ਜਬਾਨ ਮੈਂ ਤਸੀਰ ਬਾਣੀ ਵੈਸ ਹੀ

ਭਾਵ ਸਤਿਗੁਰੂ ਜੀ ਨੇ ਭਾਰਤ ਦੇ ਇਕ ਪੁਰਾਣੇ ਬਾਦਸ਼ਾਹ (ਗਿਆਨੀ ਗਿਆਨ ਸਿੰਘ ਜੀ) ਅਕਬਰ ਵਾਂਗੂ ਸਾਰੇ ਦੇਸ਼ ਵਾਸਤੇ ਬਾਈ (੨੨) ਸੂਬੇ ਨਿਯੁਕਤ ਕੀਤੇ।
ਇਹ ਸੂਬੇ ਅਪਣੇ ਅਪਣੇ ਖੇਤਰ ਵਿਚ ਗੁਰਸਿੱਖੀ ਦਾ ਪਰਚਾਰ ਕਰਦੇ, ਨਵੇਂ ਸਜੇ ਸਿੱਖਾਂ ਨੂੰ ਭਜਨ (ਗੁਰਮੰਤ੍ਰ) ਦੇਂਦੇ ਅਤੇ ਸਿੱਖਾਂ ਦੇ ਆਪਸੀ ਝਗੜਿਆਂ ਦੇ ਫੈਸਲੇ ਕਰਦੇ। ਸੂਬਿਆਂ ਦੀ ਰਚਨਾ ਇਕ ਸਾਂਵੀ ਹਕੂਮਤ (PARALLEL GOVERNMENT) ਦੀ ਲਖਾਇਕ ਸੀ। ਪਤਾ ਲਗਣ ਤੇ ਸਰਕਾਰ ਨੇ ਸਾਰਿਆਂ ਸੂਬਿਆਂ ਨੂੰ ਵੀ ਨਜ਼ਰ ਬੰਦ ਕਰ ਦਿੱਤਾ। ਪਾਬੰਦੀ ਦੇ ਹੁੰਦਿਆਂ ਵੀ ਇਹ ਸੂਬੇ ਪਰਚਾਰ ਦਾ ਕੰਮ ਕਰਦੇ ਹੀ ਰਹੇ ਅਤੇ ਸਤਿਗੁਰੂ ਜੀ ਵੀ ਦੌਰੇ ਅਤੇ ਮੇਲੇ ਕਰਦੇ ਰਹੇ।

ਪਹਿਲਾਂ ਤਾਂ ਪਰਚਾਰ ਸ਼ਖਸੀ ਚਰਿਤ੍ਰ ਸੁਧਾਰ ਅਤੇ ਸਮਾਜ ਸੁਧਾਰ ਦਾ ਹੀ ਹੁੰਦਾ ਸੀ ਪਰ ਜਦੋਂ ਸੂਬਿਆਂ ਨੂੰ ਨਜ਼ਰ ਬੰਦ ਕੀਤਾ ਗਿਆ ਤਾਂ ਸਮਾਜ ਸੁਧਾਰ ਪਰਚਾਰ ਦੇ ਨਾਲ ਸਰਕਾਰ ਦੇ ਬਰਖਿਲਾਫ ਵੀ ਪਰਚਾਰ ਸ਼ੁਰੂ ਹੋ ਗਿਆ।

ਨਜ਼ਰ ਬੰਦੀ ਦੀ ਪਰਵਾਹ ਨ ਕਰਦਿਆਂ, ਸਤਿਗੁਰੂ ਜੀ ਨੇ ਸੱਤਿਆਗ੍ਰਹਿ ਦੇ ਤੌਰ ਤੇ ਮੇਲੇ ਸ਼ੁਰੂ ਕਰ ਦਿੱਤੇ। ਸਰਕਾਰ ਨੇ ਅਪਣੀ ਨੱਕ ਬਣਾਈ ਰਖਣ ਵਾਸਤੇ ਪਾਬੰਦੀਆਂ ਢਿਲੀਆਂ ਕਰ ਦਿੱਤੀਆਂ ਅਤੇ ਨਾਲ ਹੀ ਮੇਲਿਆਂ ਤੇ ਪੋਲੀਸ ਦਾ ਪੂਰਾ ਪੂਰਾ ਪ੍ਰਬੰਧ ਕਰਨਾ ਵੀ ਸ਼ੁਰੂ ਕਰ ਦਿੱਤਾ।
ਸਤਿਗੁਰੂ ਜੀ ਨੇ ਸੰਮਤ ੧੯੨੩ ਦਾ ਹੋਲੇ ਮੇਲਾ ਸ੍ਰੀ ਅਨੰਦਪੁਰ ਸਾਹਿਬ ਕੀਤਾ ਅਤੇ ਸੰਮਤ ੧੯੨੪ ਦਾ ਹੋਲੇ ਦਾ ਮੇਲਾ ਸ੍ਰੀ ਭੈਣੀ ਸਾਹਿਬ ਕੀਤਾ ਅਤੇ ਇਸੇ ਸਾਲ ਦਾ ਦੀਵਾਲੀ ਦਾ ਮੇਲਾ ਸ੍ਰੀ ਅੰਮ੍ਰਿਤਸਰ ਕੀਤਾ। ਇਸ ਦੀਵਾਲੀ ਦੇ ਮੇਲੇ ਬਾਰੇ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ

ਦੀਪ ਮਾਲਾ ਚੌਬੀ ਸਾਲ ਹੂੰ ਕੀ ਪਰ ਸੁਧਾਸਰ,
ਆਏ ਹਾਕਮੋਂ ਨੇ ਕੀਨੀ ਖਾਤਰ ਸੁਰੰਗ ਹੈ।
ਉਤਰਯੋ ਬਾਹਿਰ ਚਾਟੀਵਿੰਡ ਦਰਵਾਜੇ ਹੂੰ ਤੇ,

Sri Satguru Jagjit Singh Ji Elibrary NamdhariElibrary@gmail.com

ਭਾਵ ਇਹ ਹੈ ਕਿ ਸੰਮਤ ੧੯੨੪ ਦੀ ਦੀਵਾਲੀ ਦੇ ਮੇਲੇ ਤੇ ਜਦੋਂ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਆਏ ਤਾਂ ਮਿਥੇ ਹੋਏ ਪ੍ਰੋਗ੍ਰਾਮ ਅਨੁਸਾਰ ਪੋਲੀਸ ਨੇ ਹਾਟੀਵਿੰਡ ਦਰਵਾਜ਼ੇ ਦੇ ਬਾਹਰ ਸਾਰੀ ਸਫਾਈ ਕਰਵਾ ਦਿੱਤੀ ਸੀ। ਸ਼ਹਿਰ ਦੇ ਵਡੇ ਵਡੇ ਸਰਕਾਰੀ ਅਫਸਰਾਂ ਨੇ ਬੜਾ ਸੁਆਗਤ ਕੀਤਾ। ਤਕਰੀਬਨ ਵੀਹ (੨੦) ਹਜ਼ਾਰ ਨਾਮਧਾਰੀ ਸਿੱਖ ਸਤਿਗੁਰੂ ਜੀ ਦੇ ਨਾਲ ਸਨ। ਇਨ੍ਹਾਂ ਤੋਂ ਬਿਨਾਂ ਸ਼ਹਿਰ ਦੀ ਅਣਗਿਣਤ ਸੰਗਤ ਦਰਸ਼ਨ ਕਰਨ ਵਾਸਤੇ ਆਈ। ਸ਼ਹਿਰ ਦੇ ਵਡੇ ਵਡੇ ਸਰਦਾਰ, ਪਤਵੰਤੇ, ਚੌਧਰੀ ਅਤੇ ਸਰਕਾਰੀ ਅਫ਼ਸਰ ਦਰਸ਼ਨ ਕਰਨ ਵਾਸਤੇ ਆਏ।

(ਸੋਭਾ) (ਉਰੂਜ, ਤਰੱਕੀ)

ਹੇਰ ਕੇ ਅਰੂਜ ਤੈ ਨੁਮੂਜ ਤਬਿ ਤਾਂਹਿ ਬੰਡ,
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।

(ਗਿਆਨੀ ਗਿਆਨ ਸਿੰਘ ਜੀ)

(Translation by Dr. Harbhajan Singh)

The spectacle of ascendancy and grandeur achieved by (Guru) Ram Singh made the administrators and the clerics lose much of their peace.

ਭਾਵ ਕਿ ਸਤਿਗੁਰੂ ਜੀ ਦਾ ਸ਼ਾਹਾਨਾ ਠਾਠ ਬਾਠ ਵੇਖਕੇ ਸਰਕਾਰੀ ਹਾਕਮ, ਪੁਜਾਰੀ ਅਤੇ ਬ੍ਰਾਹਮਣ ਬੜੇ ਦੁਖੀ ਹੋਏ।

ਸਤਿਗੁਰੂ ਜੀ ਦਾ ਤੇਜ ਪਰਤਾਪ ਵੇਖਕੇ ਪੁਜਾਰੀ ਇਸ ਲਈ ਦੁਖੀ ਹੁੰਦੇ ਸਨ ਕਿ ਉਨ੍ਹਾਂ ਦੀ ਮਾਨਤਾ ਅਤੇ ਆਮਦਨ ਬਹੁਤ ਘਟ ਗਈ ਸੀ ਅਤੇ ਬ੍ਰਾਹਮਣ ਇਸ ਲਈ ਦੁਖੀ ਹੁੰਦੇ ਸਨ ਕਿ ਅਨੰਦ ਮਰਯਾਦਾ ਦੇ ਚਲਣ ਨਾਲ ਉਨ੍ਹਾਂ ਦੀ ਸਿੱਖਾਂ ਵਿਚ ਪੁੱਛ ਗਿੱਛ ਖਤਮ ਹੋ ਗਈ ਸੀ ਅਤੇ ਸਰਕਾਰੀ ਅਫਸਰ ਅਥਵਾ ਅੰਗਰੇਜ਼ੀ ਸਰਕਾਰ ਨੂੰ ਆਪਣੇ ਰਾਜ ਦਾ ਖ਼ਤਰਾ ਸੀ। ਸਰਕਾਰ ਇਹ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿ ਸਤਿਗੁਰੂ ਜੀ ਦੇ ਇਸ਼ਾਰੇ ਤੇ ਲੱਖਾਂ ਆਦਮੀ ਚਲਣ।

ਸਤਿਗੁਰ ਜੀ ਦੀ ਸ਼ੋਭਾ ਅਤੇ ਵਡਿਆਈ ਵੇਖਕੇ ਪੁਜਾਰੀ ਅਤੇ ਬ੍ਰਾਹਮਣ ਤਾਂ ਈਰਖਾ ਕਰਦੇ ਸਨ ਪਰ ਆਮ ਹਾਲਤ ਇਹ ਸੀ

ਰਾਮਸਿੰਘ ਜਾਇ ਜਿਤ ਸਿੱਖ ਹੂੰ ਹੈ ਹਜ਼ਾਰੋਂ ਤਿਤ

ਅਤੇ ਇਹ ਸਿੱਖ

ਰਾਮਸਿੰਘ ਹੀ ਕੋ ਸਤਿਗੁਰੂ, ਅਵਤਾਰ, ਪੀਰ ਜਾਨੈ
ਜੋ ਬਖਾਨੈਂ ਵਹਿ ਸੋਊ ਮਾਨ ਹੈਂ ਸਭੀ।

ਸਤਿਗੁਰ ਚੀਨੀ ਦੇ ਹੁੰਦੇ ਅਸਵਾਰ
ਸੁਖੇਸੋਭਾ ਪਾਵਣ ਨਾਲ
ਚੜ੍ਹਦੀ ਜਿਉਂ ਹੰਸਾਂ ਦੀ ਡਾਰ,
ਸੋਹੇ ਚੰਦ ਜਿਵੇਂ ਪਰਵਾਰ,
ਫੌਜਾਂ ਸੋਹਨ ਜਿਵੇਂ ਸਰਦਾਰ
ਐਸਾ ਕਵਣ ਜੋ ਕਰੈਬੀਚਾਰ
ਏਸ ਅਵਤਾਰ ਦੀ
(ਬਾਬਾ ਚੰਦਾ ਸਿੰਘ ਜੀ)

ਕਈ ਥਾਵਾਂ ਤੇ ਐਸਾ ਵੀ ਹੁੰਦਾ ਸੀ

ਆਵੈ ਲੋਗ ਸਿੱਖ ਥਾਵੈਂ ਅਜ਼ਮਾਵੈ ਤੈਸ ਹੀ
(ਗਿਆਨੀ ਗੁਰਮੁਖ ਸਿੰਘ ਜੀ)

Some men came to weigh Satguru ji. When they found satisfied they became Sikhs.

ਕਈ ਲੋਕ ਸਤਿਗੁਰੂ ਜੀ ਦੀ ਅਜ਼ਮਾਇਸ਼ ਕਰਨ ਵਾਸਤੇ ਆਉਂਦੇ ਸਨ। ਜਦੋਂ ਉਨ੍ਹਾਂ ਦੀਆਂ ਮਨਸ਼ਾਵਾਂ ਪੂਰੀਆ ਹੋ ਜਾਂਦੀਆਂ ਸਨ ਤਾਂ ਉਹ ਸਿੱਖ ਸਜ ਜਾਂਦੇ ਸਨ ਅਤੇ ਆਪ ਮੁਹਾਰੇ ਹੀ ਕਹਿਣ ਲਗ ਪੈਂਦੇ ਸਨ।

**ਗੁਰੂ ਮਨਸਾ ਪੂਰਣਹਾਰ.**

ਅਥਵਾ **ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ,**

ਸਰਦਾਰ ਹੀਰਾ ਸਿੰਘ ਜੀ ਦੀ ਸਾਖੀ ਵੀ ਕੁਝ ਇਸਤਰ੍ਹਾਂ ਦੀ ਹੈ।

ਪੰਜਾਬ ਵਿਚ ਇਕ ਪ੍ਰਸਿੱਧ ਨਗਰ ਮਾਨਾਂਵਾਲਾ ਜਿਲਾ ਸਿਆਲਕੋਟ ਵਿਚ ਹੈ (ਹੁਣ ਪਾਕਿਸਤਾਨ ਵਿਚ ਹੈ)। ਇਥੇ ਮਾਨ ਗੋਤ ਦੇ ਸਰਦਾਰ ਬੜੇ ਮੰਨੇ ਪ੍ਰਮੰਨੇ ਸਰਦਾਰ ਸਨ। ਇਨ੍ਹਾਂ ਸਰਦਾਰਾਂ ਵਿਚੋਂ ਇਕ ਸਰਦਾਰ ਦਾ ਨਾਮ ਸ੍ਰ. ਹੀਰਾ ਸਿੰਘ ਜੀ ਸੀ। ਸ੍ਰ. ਹੀਰਾ ਸਿੰਘ ਜੀ ਦੇ ਦਾਦਾ ਜੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮੀ ਸਿੱਖ ਸਨ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਕ ਗ੍ਰੰਥ ਦਿੰਦਿਆਂ ਕਹਿਆ ਸੀ ਕਿ ਇਹ ਮੇਰੀ ਅਮਾਨਤ ਆਪਣੇ ਘਰ ਰਖ ਛਡੋ, ਜਦੋਂ ਮੈਂ ਬਾਰ੍ਹਵੇਂ ਜਾਮੇ ਵਿਚ ਆਵਾਂਗਾ ਤਾਂ ਮੈਂ ਆਪ ਹੀ ਮੰਗ ਲਵਾਂਗਾ। ਦਾਦਾ ਜੀ ਤਾਂ ਚੜ੍ਹਾਈ ਕਰ ਗਏ ਸਨ ਅਤੇ ਉਹ ਗ੍ਰੰਥ ਸ੍ਰ. ਹੀਰਾ ਸਿੰਘ ਜੀ ਦੇ ਕੋਲ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੌਰਾ ਕਰਦਿਆਂ ਕਰਦਿਆਂ ਮਾਨਾਂਵਾਲੇ ਵੀ ਚਰਨ ਪਾਏ ਸਨ। ਬੜੀ ਸੰਗਤ ਦਰਸ਼ਨ ਕਰਨ ਵਾਸਤੇ ਆਈ ਸੀ।

ਸਿੰਘ ਜਾ ਕੇ ਆਸਣ ਲਾਵਣ,
ਸੰਗਤਾਂ ਗੁਰ ਦੇ ਦਰਸ਼ਨ ਪਾਵਨ,
ਟੇਕਣ ਮੱਥੇ ਦਰਬ ਚੜ੍ਹਾਵਨ,
ਸਤਿਗੁਰ ਕੰਨ ਵਿਚ ਭਜਨ ਸੁਣਾਵਣ,
ਕਿਰਪਾ ਧਾਰਦੇ
(ਬਾਬਾ ਚੰਦਾ ਸਿੰਘ ਜੀ)

ਸਾਰੀ ਸੰਗਤ ਵਾਰੀ ਵਾਰੀ ਮੱਥਾ ਟੇਕਣ ਲਗੀ
ਜਦੋਂ ਸ੍ਰ. ਹੀਰਾ ਸਿੰਘ ਜੀ ਨੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਨੇ

ਯਕ ਨਿਗਾਹੇ ਜਾਂ ਫ਼ਿਜ਼ਾਇਸ਼ ਵਾਲੀ ਨਿਗਾਹ ਨਾਲ ਤਕਿਆ।
ਇਹ ਉਹ ਤਕਣੀ ਸੀ ਜਿਦ੍ਹੇ ਬਾਰੇ ਭਾਈ ਨੰਦ ਲਾਲ ਜੀ ਨੇ ਲਿਖਿਆ ਹੈ

ਮਾ ਰਾ ਬਯੱਕ ਇਸ਼ਾਰਾਏ ਅਖਰ ਸ਼ਹੀਦ ਕਰਦ;

ਭਾਵ ਸ੍ਰੀ ਸਤਿਗੁਰੂ ਜੀ ਨੇ ਪਲਕਾਂ ਦੇ ਇਕ ਇਸ਼ਾਰੇ ਨਾਲ ਹੀ ਸ੍ਰ. ਜੀ ਦਾ ਮਨ ਮੋਹ ਲਿਆ। ਸਰਦਾਰ ਜੀ ਹਾਲਾਂ ਵਿਸਮਾਦ ਹਾਲਤ ਵਿਚ ਹੀ ਸਨ ਕਿ ਸਤਿਗੁਰੂ ਜੀ ਨੇ ਇਕ ਹੋਰ ਬਾਣ ਚਲਾ ਦਿੱਤਾ। ਪੁੱਛਿਆ, ਭਾਈ, ਸਾਡਾ ਇਕ ਗ੍ਰੰਥ ਬੜੇ ਚਿਰਾਂ ਦਾ ਤੁਹਾਡੇ ਘਰ ਪਇਆ ਹੋਇਆ ਹੈ, ਕਿਤੇ ਖਰਾਬ ਤੇ ਨਹੀਂ ਹੋ ਗਿਆ? ਕਿਰਪਾ ਕਰੋ ਤੇ ਹੁਣ ਮੈਨੂੰ ਦੇ ਦਿਉ। ਸਤਿਗੁਰੂ ਜੀ ਦੇ ਇਹ ਬਚਨ ਕੋਈ ਬਚਨ ਸਨ ਜਾਂ ਅਣੀਆਲੇ ਤੀਰ। ਸ੍ਰ. ਜੀ ਤਾਂ ਪਹਿਲਾਂ ਹੀ ਦਰਸ਼ਨ ਕਰਕੇ ਨਿਹਾਲ ਹੋ ਗਏ ਹਨ ਪਰ ਹੁਣ ਜਦੋਂ

ਸਤਿਗੁਰੂ ਜੀ ਨੇ ਗ੍ਰੰਥ ਮੰਗਿਆ ਤਾਂ ਸ੍ਰ. ਹੀਰਾ ਸਿੰਘ ਜੀ ਨੂੰ
ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਰਦਾਰ ਜੀ ਦੇ ਦਾਦਾ ਜੀ ਨਾਲ ਕੀਤੇ ਹੋਏ ਬਚਨ ਯਾਦ
ਆ ਗਏ, ਹੈਰਾਨ ਹੋਏ, ਸੋਚਣ ਲਗੇ ਕਿ ਇਹ ਤਾਂ ਸੱਚ ਮੁੱਚ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ
ਦੀ ਜੋਤ ਹਨ ਅਤੇ ਗਿਆਨੀ ਗਿਆਨ ਸਿੰਘ ਜੀ ਦਾ ਲਿਖਿਆ ਹੋਇਆ

ਮੇਰੋ ਅਵਤਾਰ-ਅੰਸ ਰਾਮ ਸਿੰਘ ਹੈ ਭਰੇ

ਬਿਲ ਕੁਲ ਠੀਕ ਹੀ ਨਿਕਲਿਆ। ਇਹ ਸੋਚ ਆਉਂਦਿਆਂ ਹੀ ਮਸਤਾਨੇ ਹੋ ਗਏ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ (ਪੰਨਾ ੧੩੭੪)

ਜਦੋਂ ਕੁਝ ਹੋਸ਼ ਆਈ ਤਾਂ ਸਰਦਾਰ ਜੀ ਨੇ ਉਹ ਗ੍ਰੰਥ ਲਿਆ ਕੇ ਬੜੇ
ਅਦਬ ਨਾਲ ਸਤਿਗੁਰੂ ਜੀ ਦੇ ਹਾਜ਼ਰ ਕਰ ਦਿੱਤਾ ਅਤੇ ਸਿੱਖੀ ਦੀ ਜਾਚਣਾ ਕੀਤੀ
ਸਤਿਗੁਰੂ ਜੀ ਨੇ ਭਜਨ ਦੀ ਦਾਤ ਬਖਸ਼ੀ ਅਤੇ ਸਿੱਖਿਆ ਦਿੱਤੀ।

ਭਾਈ,
ਭਜਹੁ ਗੋਬਿੰਦ ਭੂਲਿ ਮਤ ਜਾਹੁ
ਮਾਨਸ ਜਨਮ ਕਾ ਏਹੀ ਲਾਹੁ ॥ (ਪੰਨਾ ੧੧੫੯)

ਭਾਈ
ਜੋ ਕਿਛੁ ਕਰਹਿ ਸੋਈ ਅਬ ਸਾਰੁ
ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ (ਪੰਨਾ ੧੧੫੯)

ਭਾਈ ਅਗੇ ਤੋਂ
ਛੱਡ ਮਾਸ ਤੇ ਕਬਾਬ, ਨਹੀਂ ਪੀਵਣੀ ਸ਼ਰਾਬ।
ਨਾਲੇ
ਕੜਾ ਕੱਛ ਕਿਰਪਾਨ ਕੇਸ ਧਰ ਸਿੰਘ ਬਣ ਗੁਰੂ ਪਿਆਰਾ ਤੂੰ,
ਮੜ੍ਹੀ ਮਸਾਣੀ ਵਰਤ ਨਾ ਜਾਣੀ, ਸਤਿਗੁਰ ਜਾਣ ਨਿਆਰਾ ਤੂੰ,
ਬਾਝ ਗੁਰਾਂ ਦੀ ਮਰਯਾਦਾ ਦੇ, ਝੂਠਾ ਜਾਣ ਪਸਾਰਾ ਤੂੰ,
(ਬਾਬਾ ਕਾਨ੍ਹ ਸਿੰਘ ਜੀ)

ਸਰਦਾਰ ਹੀਰਾ ਸਿੰਘ ਜੀ, ਧਨੀ ਤਾਂ ਪਹਿਲਾਂ ਹੀ ਸਨ ਅਤੇ ਹੁਣ
ਸਿੱਖੀ ਵੀ ਮਿਲ ਗਈ, ਸ਼ਰਧਾ ਬਹੁਤ ਵਧ ਗਈ।

Sri Satguru Jagjit Singh Ji Elibrary NamdhariElibrary@gmail.com

ਏਥੇ ਬਹੁਤ ਸਾਰੇ ਸਰੀਰਾਂ ਨੇ ਮਾਸ ਸ਼ਰਾਬ, ਚੋਰੀ ਯਾਰੀ ਤਿਆਗਕੇ ਭਜਨ ਲਿਆ ਅਤੇ ਸਿੱਖੀ ਧਾਰਨ ਕੀਤੀ। ਇਸ ਤਰ੍ਹਾਂ ਸਤਿਗੁਰੂ ਦਾ ਜੱਸ ਬਹੁਤ ਫੈਲਿਆ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ,

ਜਿੱਥੇ ਸਤਿਗੁਰੂ ਦੀ ਸ਼ੋਭਾ ਬਹੁਤ ਹੋਈ ਉੱਥੇ ਇਹ ਸ਼ੋਭਾ ਵੇਖਕੇ

ਗੋਰਾ (ਅੰਗਰੇਜ) ਮੂੰਹ ਵਿਚ ਉਂਗਲ ਪਾਏ,
ਧਾੜ ਧੜਕ ਕਲੇਜਾ ਜਾਏ,
ਐਸਾ ਕੌਣ ਅਕਾਲ ਹਟਾਏ,
ਇਹ ਗਲ ਭਾਲਦੇ।

ਅਤੇ ਅੰਗਰੇਜ਼ਾਂ ਦੇ ਪਿਠੂ

ਇਕ ਨਿੰਦਕ ਨਿੰਦਾ ਕਰਦੇ,
ਬੰਨ੍ਹ ਬੰਨ੍ਹ ਪੰਡ ਸਿਰਾਂ ਤੇ ਧਰਦੇ,
ਜਿਹੜੇ ਧੜੇ ਧੜੇ ਸਿਰ ਕਰਦੇ,
ਚੁਗਲੀਆਂ ਜਾ ਸਰਕਾਰੇ ਭਰਦੇ,
ਲੇਖਾ ਧਰਮਰਾਏ ਦਾ ਭਰਦੇ,
ਉਹ ਨਰਕ ਸਿਧਾਰਦੇ।

(ਬਾਬਾ ਚੰਦਾ ਸਿੰਘ ਜੀ

ਸਾਧ ਸੰਗਤ ਜੀ, ਤੁਸੀਂ ਜਾਣਦੇ ਹੀ ਹੋ ਕਿ ਚੰਨ ਤੇ ਥੁਕਣ ਨਾਲ ਚੰਨ ਦਾ ਤਾਂ ਕੁਝ ਨਹੀਂ ਵਿਗੜਦਾ, ਉਹ ਥੁਕ ਆਪਣੇ ਹੀ ਮੂੰਹ ਉਤੇ ਆ ਪੈਂਦੀ ਹੈ। ਨਾਲੇ ਚੜ੍ਹਿਆ ਚੰਨ ਛੁਪਦਾ ਨਹੀਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾ ਸਰਕਾਰ ਦੀ ਪਰਵਾਹ ਕੀਤੀ ਅਤੇ ਨਾ ਸਰਕਾਰੀ ਪਿਠੂਆਂ ਦੀ, ਆਪਣਾ ਕੰਮ ਸਿੱਖੀ ਪਰਚਾਰ ਅਤੇ ਸਮਾਜ ਸੁਧਾਰ ਦਾ ਕਰਦੇ ਹੀ ਰਹੇ

ਸ੍ਰ. ਹੀਰਾ ਸਿੰਘ ਜੀ ਤੇ ਐਸੀ ਕਿਰਪਾ ਹੋਈ ਕਿ ਉਸ ਨੇ ਦੂਜੇ ਸਰਦਾਰਾਂ ਨਾਲ ਮਿਲ ਕੇ, ਹੋਲੇ ਦਾ ਮੇਲਾ ਮਾਨਾਂਵਾਲੇ ਕਰਨ ਵਾਸਤੇ, ਸਤਿਗੁਰੂ ਜੀ ਅੱਗੇ ਅਰਜ਼ ਕੀਤੀ। ਸਤਿਗੁਰੂ ਜੀ ਵਲੋਂ ਪ੍ਰਵਾਨਗੀ ਮਿਲਦਿਆਂ ਸਾਰ ਸਾਧ ਸੰਗਤ ਨੇ

## ਜੋ ਬੋਲੇ ਸੋ ਨਿਹਾਲ ... ਸਤਿ ਸ੍ਰੀ ਅਕਾਲ

ਦਾ ਜੈਕਾਰਾ ਛੱਡ ਦਿੱਤਾ ਅਤੇ ਐਲਾਨ ਕੀਤਾ ਗਿਆ ਕਿ ਸੰਮਤ ੧੯੨੫ (ਸੰਨ ੧੮੬੮) ਦਾ ਹੋਲੇ ਦਾ ਮੇਲਾ ਇਥੇ ਮਾਨਾਂਵਾਲੇ ਹੀ ਮਨਾਇਆ ਜਾਏਗਾ।

## ਹੋਲਾ ਮਹੱਲਾ

ਹਰਨਾਖਸ਼ ਨੇ ਤਪਸਿਆ ਕਰਕੇ ਬ੍ਰਹਮਾ ਜੀ ਕੋਲੋਂ ਵਰ ਮੰਗਿਆ ਸੀ ਕਿ ਮੈਂ ਨਾ ਅੰਦਰ ਮਰਾਂ ਨਾ ਬਾਹਰ ਮਰਾਂ, ਨਾ ਕਿਸੇ ਮਨੁਖ ਕੋਲੋਂ ਮਰਾਂ ਨ ਕਿਸੇ ਜਾਨਵਰ ਕੋਲੋਂ ਮਰਾਂ ਅਤੇ ਨਾ ਕਿਸੇ ਹਥਿਆਰ ਨਾਲ ਮਰਾਂ ਇਤਿਆਦਿ। ਬ੍ਰਹਮਾ ਜੀ ਕੋਲੋਂ ਵਰ ਲੈ ਕੇ ਹਰਨਾਖਸ਼ ਸਮਝ ਬੈਠਾ ਸੀ ਕਿ ਹੁਣ ਮੈਂ ਮਰਨਾ ਹੀ ਨਹੀ। ਇਸੇ ਵਰ ਕਰਕੇ ਉਹ ਇੰਨਾ ਘਮੰਡੀ ਹੋ ਗਿਆ ਕਿ ਉਹ ਅਪਣੇ ਆਪ ਨੂੰ ਪਰਮਾਤਮਾ ਦਾ ਸਾਨੀ ਸਮਝਣ ਲੱਗ ਪਿਆ। ਉਸਨੇ ਅਪਣੇ ਰਾਜਵਿਚ ਢੰਡੋਰਾ ਫਿਰਾ ਦਿੱਤਾ ਕਿ ਕੋਈ ਪੁਰਖ ਜਾਂ ਇਸਤਰੀ ਦੇਵਤਿਆਂ ਦੇ ਮਿਥੇ ਹੋਏ ਸ਼ਬਦ ਰਾਮ, ਹਰੀ, ਕ੍ਰਿਸ਼ਨ ਜਾਂ ਵਾਸਦੇਵ ਆਦਿਕ ਦਾ ਜਾਪ ਨ ਕਰੇ। ਸਭ ਹਰਨਾਖਸ਼ ਹਰਨਾਖਸ਼ ਹੀ ਜਪਿਆ ਕਰਨ। ਇਸੇ ਤਰ੍ਹਾਂ ਹੀ ਹੋਣ ਲੱਗਾ।

ਪਰਮਾਤਮਾ ਦੀ ਖੇਡ, ਕਿ ਹਰਨਾਖਸ਼ ਦਾ ਅਪਣਾ ਹੀ ਲੜਕਾ ਪ੍ਰਹਿਲਾਦ ਛੋਟੀ ਉਮਰ ਤੋਂ ਹੀ ਰਾਮ ਰਾਮ ਜਪਿਆ ਕਰਦਾ ਸੀ। ਜਦੋਂ ਪ੍ਰਹਿਲਾਦ ਨੂੰ ਸੰਡੇ ਮਰਕੇ ਦੀ ਪਾਠਸ਼ਾਲਾ ਵਿੱਚ ਪੜ੍ਹਨ ਵਾਸਤੇ ਭੇਜਿਆ ਗਿਆ ਤਾਂ ਪਾਧੇ ਨੇ ਬਾਲ ਉਪਦੇਸ਼ ਪੜ੍ਹਾਉਣ ਦੇ ਨਾਲ ਰੋਜ ਹਰਨਾਖਸ਼ ਹਰਨਾਖਸ਼ ਦਾ ਜਾਪ ਕਰਨ ਵਾਸਤੇ ਵੀ ਸਿੱਖਿਆ ਦਿੱਤੀ। ਪ੍ਰਹਿਲਾਦ ਜੋ ਪਹਿਲਾਂ ਹੀ ਰਾਮ ਰਾਮ ਜਪਿਆ ਕਰਦਾ ਸੀ, ਉਹ ਉੱਥੇ ਹੀ ਪਾਧੇ ਦੇ ਸਾਮ੍ਹਣੇ ਹੀ ਰਾਮ ਰਾਮ ਜਪਣ ਲਗ ਪਿਆ। ਰਾਜਕੁਮਾਰ ਵਲੋਂ ਵੇਖ ਕੇ ਦੂਜੇ ਵਿਦਿਆਰਥੀ ਵੀ ਰਾਮ ਰਾਮ ਜਪਣ ਲਗ ਪਏ।

ਅਥਵਾ

## ਰਟੀਆ ਸਭੈ ਬਿਗਾਰੇ।

ਪਾਧੇ ਨੇ ਜਦੋਂ ਵਿਦਿਆਰਥੀਆਂ ਨੂੰ ਡਾਂਟਿਆ ਤਾਂ ਪ੍ਰਹਿਲਾਦ ਤੋਂ ਬਿਨਾ ਸਾਰੇ ਚੁੱਪ ਕਰ ਗਏ। ਪਾਧੇ ਨੇ ਜਦੋਂ ਵੇਖਿਆ ਕਿ ਪ੍ਰਹਿਲਾਦ ਰਾਮ ਰਾਮ ਕਹਿਣ ਤੋਂ ਕਿਸੇ ਤਰ੍ਹਾਂ ਵੀ ਨਹੀ ਹਟਦਾ ਤਾਂ ਸੰਡੇ ਮਰਕੇ ਨੇ ਹਰਨਾਖਸ਼ ਕੋਲ ਜਾ ਕੇ ਸ਼ਿਕਾਇਤ ਕੀਤੀ

## ਰਾਜੇ ਪਾਸਿ ਰੂਆਇਆ ਦੋਖੀ ਦੈਤ ਵਧਾਇਆ ਵਾਦੁ।

ਰਾਜੇ ਨੇ ਬੜੇ ਕ੍ਰੋਧ ਵਿਚ ਅਪਣੇ ਪੁੱਤਰ ਨੂੰ ਪਾਠਸ਼ਾਲੇ ਵਿਚੋਂ ਮੰਗਾ ਵਾਇਆ

## [illegible]

Sri Satguru Jagjit Singh Ji Elibrary NamdhariElibrary@gmail.com

ਹਰਨਾਖਸ਼ ਨੇ ਪ੍ਰਹਿਲਾਦ ਨੂੰ ਪਹਿਲਾਂ ਪ੍ਰੇਮ ਨਾਲ ਬੜਾ ਸਮਝਾਇਆ ਪਰ ਜਦੋਂ ਵੇਖਿਆ ਕਿ ਪ੍ਰਹਿਲਾਦ ਰਾਮ ਰਾਮ ਹੀ ਜਪੀ ਜਾਂਦਾ ਹੈ ਤਾਂ ਫਿਰ ਬੜੇ ਕ੍ਰੋਧ ਨਾਲ ਡਾਂਟਦਿਆਂ ਹੋਇਆਂ ਆਖਿਆ, ਅਰੇ ਮੂਰਖ

**ਤੂ ਰਾਮ ਕਹਨ ਕੀ ਛੋਡੁ ਬਾਨਿ ॥**

ਪ੍ਰਹਿਲਾਦ ਭਾਵੇਂ ਅੰਞਾਣਾ ਹੀ ਸੀ ਪਰ ਅੰਤਰਜਾਮੀ ਪਰਮਾਤਮਾ ਦੀ ਪ੍ਰੇਰਨਾ ਨਾਲ ਅਥਵਾ ਪਰਮਾਤਮਾ ਦਾ ਅੰਦਰ ਹੱਥ ਹੋਣ ਕਰਕੇ ਪਿਤਾ ਕੋਲੋਂ ਡਰਿਆ ਨਾ, ਸਗੋਂ ਬੜੇ ਗੁੱਸੇ ਵਿਚ ਜਵਾਬ ਦਿੱਤਾ ਮੈਨੂੰ ਘੜੀ ਮੁੜੀ ਕਿਉਂ ਆਖਦੇ ਹੋ। ਮੈਨੂੰ ਤੁਸੀਂ ਸੌ ਵਾਰੀ ਵੀ ਰੋਕੋ ਅਥਵਾ ਹਜ਼ਾਰ ਵਾਰੀ ਵੀ ਮਨ੍ਹਾ ਕਰੋ ਪਰ ਮੈਂ

**ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥**
**ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥**

ਪੁੱਤਰ ਦਾ ਜਵਾਬ ਸੁਣ ਕੇ ਹਰਨਾਖਸ਼ ਸੜ ਬਲ ਗਿਆ। ਉਸਨੇ ਨਿਸਚਾ ਕਰ ਲਿਆ ਕਿ ਉਹ ਪ੍ਰਹਿਲਾਦ ਨੂੰ ਕਿਸੇ ਤਰ੍ਹਾਂ ਵੀ ਮਰਵਾ ਦੇਵੇ ਗਾ। ਪ੍ਰਹਿਲਾਦ ਨੂੰ ਮਰਵਾਉਣ ਵਾਸਤੇ ਉਸ ਨੂੰ ਪਹਾੜ ਤੋਂ ਗਿਰਵਾਇਆ, ਸਮੁੰਦ੍ਰ ਵਿਚ ਸੁਟਵਾਇਆ, ਸ਼ੇਰਾਂ ਅਗੇ ਪਵਾਇਆ ਵਿਖਧਰ ਸੱਪਾਂ ਅਗੇ ਪਵਾਇਆ ਪਰ ਪਰਮਾਤਮਾ ਨੇ ਹਰ ਥਾਂ ਅਪਣੇ ਭਗਤ ਦੀ ਰਖਿਆ ਕੀਤੀ। ਹੁਣ ਹਰਨਾਖਸ਼ ਨੇ ਪ੍ਰਹਿਲਾਦ ਨੂੰ ਅੱਗ ਵਿਚ ਸਾੜਨ ਵਾਸਤੇ ਅਪਣੀ ਭੈਣ ਹੋਲੀ ਨੂੰ ਕਿਹਾ

ਹੋਲੀ ਨੂੰ ਬ੍ਰਹਮਾ ਜੀ ਕੋਲੋਂ ਇਕ ਚਾਦਰ ਮਿਲੀ ਹੋਈ ਸੀ ਅਤੇ ਵਰ ਮਿਲਿਆ ਹੋਇਆ ਸੀ ਕਿ ਜਦ ਤਕ ਇਹ ਚਾਦਰ ਤੇਰੇ ਉੱਤੇ ਰਹੇਗੀ ਤਦ ਤਕ ਅੱਗ ਤੈਨੂੰ ਸਾੜ ਨਹੀਂ ਸਕੇ-ਗੀ। ਇਸ ਵਰ ਕਰਕੇ ਹੀ ਹੋਲੀ ਨੂੰ ਮਾਣ ਸੀ ਕਿ ਮੈਨੂੰ ਅੱਗ ਸਾੜ ਨਹੀਂ ਸਕਦੀ। ਉਹਦਾ ਖਿਆਲ ਸੀ ਕਿ ਜੇ ਮੈਂ ਅਪਣੇ ਉੱਤੇ ਚਾਦਰ ਲੈ ਕੇ ਪ੍ਰਹਿਲਾਦ ਨੂੰ ਗੋਦੀ ਵਿਚ ਲੈ ਕੇ ਅੱਗ ਵਿਚ ਬੈਠ ਗਈ ਤਾਂ ਮੈਂ ਚਾਦਰ ਦੇ ਪ੍ਰਭਾਵ ਕਰਕੇ ਬਚ ਜਾਵਾਂਗੀ ਅਤੇ ਪ੍ਰਹਿਲਾਦ ਸੜ ਜਾਏਗਾ। ਹੋਲੀ ਅਤੇ ਹਰਨਾਖਸ਼ ਨੂੰ ਇਹ ਨਹੀਂ ਸੀ ਪਤਾ ਕਿ ਪਰਮਾਤਮ ਬੜਾ ਬੇਅੰਤ ਹੈ; ਉਹ ਅਪਣੇ ਭਗਤਾਂ ਦੀ ਰਖਿਆ ਇਸ ਤਰ੍ਹਾਂ ਕਰਦਾ ਹੈ ਕਿ ਦੁਨੀਆਂ ਵੇਖ ਕੇ ਦੰਗ ਰਹਿ ਜਾਂਦੀ ਹੈ

**ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤ ॥**

ਅਥਵਾ

ਜਾ ਕੋ ਰਾਖੇ ਸਾਂਵਰਾ, ਮਾਰ ਨ ਸਾਕੈ ਕੋਇ।
ਬਾਲ ਨ ਬਾਂਕਾ ਕਰ ਸਕੈ, ਭਾਵੇਂ ਸਭ ਜਗ ਵੈਰੀ ਹੋਇ ॥

ਜਦੋਂ ਹੋਲੀ ਅਪਣੇ ਉੱਤੇ ਚਾਦਰ ਲੈ ਕੇ, ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅੱਗ ਵਿਚ ਬੈਠੀ ਤਾਂ ਐਸੀ ਹਨੇਰੀ ਆਈ ਕਿ ਹੋਲੀ ਉਤੋਂ ਉਹ ਚਾਦਰ ਲਹਿ ਗਈ ਅਤੇ ਉਹੋ

ਪਾਦਰ ਪ੍ਰਹਿਲਾਦ ਉੱਤੇ ਆ ਪਈ, ਹੋਲੀ ਸੜਕੇ ਸੁਆਹ ਹੋ ਗਈ
ਅਤੇ ਪ੍ਰਹਿਲਾਦ ਨੂੰ ਬਿਲਕੁਲ ਆਂਚ ਨ ਲਗੀ। ਸ੍ਰੀ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ

**ਜਲਤ ਅਗਨਿ ਮਹਿ ਜਨ ਆਪਿ ਉਧਾਰੇ**

**ਕਰਿ ਅਪੁਨੇ ਦੇ ਰਾਖੇ ਹਾਥ** ॥ (ਪੰਨਾ ੮੨੮)

ਭਾਈ ਗੁਰਦਾਸ ਜੀ ਲਿਖਦੇ ਹਨ

ਜਲ ਅਗਨੀ ਵਿਚ ਘਤਿਆ, ਜਲੈ ਨ ਡੁਬੈ ਗੁਰ ਪਰਸਾਦਿ ॥

ਸ੍ਰੀ ਨਿਰੰਜਨ ਸਿੰਘ ਜੀ "ਤਾਂਘੀ" ਲਿਖਦੇ ਹਨ

ਹਰਨਾਖਸ਼ ਨੇ "ਪ੍ਰਹਿਲਾਦ" ਮਾਰਨ ਨੂੰ ਉਸ ਨੇ, ਭੈਣ ਤਾਂਈ ਬੁਲਵਾਇਆ,
ਜਿਸ ਨੇ ਛਲ ਦੇ ਨਾਲ ਭਗਤ ਨੂੰ, ਗੋਦੀ ਦੇ ਵਿਚ ਚਾਇਆ,
ਮਚਦੀਆਂ ਲਾਟਾਂ ਦੇ ਵਿਚ ਬਹਿ ਗਈ, ਮਹਾਂ ਨੀਚ ਹਤਿਆਰੀ,
ਆਵਣ ਦਿੱਤੀ ਆਂਚ ਭਗਤ ਨੂੰ, ਐਪਰ ਨਿਰੰਕਾਰਧਾਰੀ।
ਸੜ-ਬਲ ਬੁਝੀ "ਹੋਲਕਾਂ" ਪਾਪਣ, ਪਾਪ ਅਗਨਿ ਵਿਚ ਕਾਣੇ,
ਭਗਤ ਪ੍ਰਭੂ ਦੇ ਹੱਸਦੇ ਹੱਸਦੇ, ਬਾਹਰ ਚਿਖਾ ਤੋਂ ਆਏ।
ਉਸ ਵੇਲੇ ਤੋਂ "ਹੋਲਕਾਂ" ਦੁਸ਼ਟਾ, ਕਾਲਖ ਮੱਥੇ ਲੈ ਕੇ।
ਹਰ ਨਗਰੀ ਵਿਚ ਫੂਕਦੀ ਰਹਿੰਦੀ, ਘੋਰ ਨਰਕ ਵਿਚ ਪੈਕੇ।"

ਹੋਲੀ ਦੇ ਸੜਨ ਅਤੇ ਭਗਤ ਪਹਿਲਾਦ ਜੀ ਨੂੰ ਆਂਚ ਨ ਲਗਣ ਦਾ ਭਾਵ

"ਸੱਚ ਦੀ ਵਿਜਯ ਅਤੇ ਝੂਠ ਦੀ ਪਰਾਜਯ" ਹੈ

ਜਾਂ ਇੰਞ ਕਹਿ ਲਉ "ਧਰਮ ਦੀ ਜੈ ਅਤੇ ਅਧਰਮ ਦੀ ਖੈ"

ਧਰਮ ਦੀ ਜੈ ਹੋਣ ਕਰਕੇ ਇਹ ਇਕ ਤਿਉਹਾਰ ਬਣ ਗਿਆ ਹੈ। ਹਰ ਸਾਲ
ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਗੁਰੂ ਅਵਤਾਰ ਵੀ ਅਪਣੇ ਅਪਣੇ

ਸਭੇ ਅਪਣੇ ਅਪਣੇ ਢੰਗ ਨਾਲ ਮਨਾਉਂਦੇ ਰਹੇ ਹਨ ਅਤੇ ਹੁਣ ਵੀ ਮਨਾਉਂਦੇ ਹਨ । ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ

## ਧਰਮ ਚਲਾਵਨ ਸੰਤ ਉਬਾਰਨ
## ਦੁਸਟ ਸਭਨ ਕੋ ਮੂਲ ਉਪਾਰਨ ।

ਦੀ ਤਿਆਰੀ ਵਾਸਤੇ ਇਸੇ ਹੋਲੀ ਦੇ ਤਿਉਹਾਰ ਨੂੰ ਚੁਣਿਆ । ਇਹ ਤਿਉਹਾਰ ਪਹਿਲਾਂ ਹੀ ਧਰਮ ਦੀ ਜੈ ਦਾ ਪ੍ਰਤੀਕ ਸੀ ਅਤੇ ਹੁਣ ਕਲਿਜੁਗ ਵਿਚ ਵੀ ਸਤਿਗੁਰੂ ਜੀ ਨੇ ਇਸੇ ਤਿਉਹਾਰ ਨੂੰ ਮਾਣ ਬਖਸ਼ਿਆ । ਡਰੀ ਹੋਈ ਅਤੇ ਸਹਿਮੀ ਹੋਈ ਹਿੰਦੂ ਕੌਮ ਵਿਚ ਬੀਰ ਰਸ ਪੈਦਾ ਕਰਨ ਲਈ ਇਸ ਹੋਲੀ ਦਾ ਨਾਮ ਹੋਲਾ - ਮਹੱਲਾ ਰਖ ਦਿੱਤਾ

ਤਦਵਕਤੀ ਹਕੂਮਤ ਦੇ ਜ਼ੁਲਮ ਨੂੰ ਖਤਮ ਕਰਨ ਵਾਸਤੇ, ਸਤਿਗੁਰੂ ਜੀ ਨੇ ਖਾਲਸੇ ਪੰਥ ਦੀ ਸਾਜਨਾ ਤਾਂ ਬੈਸਾਖੀ ਵਾਲੇ ਦਿਨ ਕੀਤੀ ਸੀ ਪਰ ਖਾਲਸੇ ਨੂੰ ਜੰਗੀ ਸਿੱਖਿਆ ਏਸ ਹੋਲੇ - ਮਹੱਲੇ ਦੇ ਮੌਕੇ ਤੇ ਦਿੱਤੀ ਜਾਂਦੀ ਸੀ । ਸਤਿਗੁਰੂ ਜੀ ਨੇ ਸਿੱਖਾਂ ਨੂੰ ਸ਼ਸਤ੍ਰ ਅਤੇ ਯੁੱਧ ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਪ੍ਰਧਾਨ ਸਿੰਘਾਂ ਹੇਠ ਦੋ ਦਲ ਬਣਾ ਕੇ ਆਪਸ ਵਿਚ ਮਸਨੂਈ ਜੰਗ ਕਰਵਾਉਂਦੇ ਅਤੇ ਜੇਤੂ ਦਲ ਨੂੰ ਸਿਰੋਪਾ ਬਖਸ਼ਦੇ । ਇਸ ਤਰ੍ਹਾਂ ਸਿੱਖਾਂ ਨੂੰ ਜੰਗੀ ਸਿੱਖਿਆ ਦੇ ਕੇ ਐਸੇ ਸੂਰਬੀਰ ਜੋਧੇ ਬਣਾ ਦਿੱਤੇ ਕਿ ਉਨ੍ਹਾਂ ਨੇ ਥੋੜ੍ਹੀ ਗਿਣਤੀ ਵਿਚ ਹੁੰਦਿਆਂ ਵੀ ਮੁਗਲ ਰਾਜ ਨੂੰ ਖੋਖਲਾ ਕਰ ਦਿੱਤਾ ਅਤੇ ਹੌਲੀ ਹੌਲੀ ਖਾਲਸਾ ਰਾਜ ਵੀ ਕਾਇਮ ਕਰ ਲਿਆ ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਭਵਿਸ਼ ਬਾਣੀ

## ਬਚਨ ਪਾਲ ਨਹੀ ਸਕਣਗੇ ਬਹੁਤ ਖਾਣਗੇ ਗਮ,

ਅਨੁਸਾਰ ਜਦੋਂ ਸਿੱਖ ਸਤਿਗੁਰੂ ਜੀ ਦੇ ਬਚਨਾਂ ਨੂੰ ਭੁਲ ਕੇ ਅਤੇ ਸਿੱਖੀ ਮਰਿਆਦਾ ਨੂੰ ਤਿਆਗ ਕੇ ਰੰਗ - ਰਲੀਆਂ ਮਾਨਣ ਲਗ ਪਏ ਤਾਂ ਰਾਜ ਵੀ ਜਾਂਦਾ ਰਿਹਾ ਅਤੇ ਸਿੱਖੀ ਜੀਵਨ ਵੀ ।

ਹੁਣ ਰਾਜ ਅੰਗਰੇਜ਼ਾਂ ਦਾ ਸੀ ਅਤੇ ਦੂਜੇ ਪਾਸੇ ਧਰਮ ਚਲਾਵਨ ਅਤੇ ਸੰਤ ਉਬਾਰਨ ਵਾਲੇ ਤਖਤ ਉੱਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਅੰਸਿਕ ਅਵਤਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ (ਹਨ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਸਿੱਖਾਂ ਵਿਚੋਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸਿੱਖੀ ਇਕ ਕਿਸਮ ਦੀ ਅਲੋਪ ਹੀ ਹੋ ਗਈ ਹੈ

## ਸਿਖੀ ਦਸਮੇਸ ਕੀ ਸੁ ਕੀ ਅਪਰਦੇਸ ਕੀ

ਅਤੇ ਹੁਣ **ਅਸਿਖੀ ਪਰੀ ਪੇਸ਼ਗੀ** (ਜਿਵੇਂ) **ਛਿਨਾਰ ਬਣ ਠਣ ਕੈ**

(ਜੈਸੇ)

ਸ੍ਰੀ ਸਤਿਗੁਰੂ ਜੀ ਦਾ ਵਿਚਾਰ ਸੀ ਕਿ ਜਿੰਨਾ ਚਿਰ ਆਦਮੀ ਨਾਮ ਜਪ ਕੇ ਅਤੇ ਬਾਣੀ ਪੜ੍ਹ ਕੇ ਆਪਣੀ ਆਤਮਾ ਪ੍ਰਬਲ ਨਹੀਂ ਕਰ ਲੈਂਦਾ ਅਤੇ ਅਪਣਾ ਚਰਿਤ੍ਰ ਸ਼ੁੱਧ ਨਹੀਂ ਕਰ ਲੈਂਦਾ ਉੱਨਾ ਚਿਰ ਉਹ ਅਪਣੇ ਦੇਸ਼, ਕੌਮ ਜਾਂ ਧਰਮ ਦਾ ਕੋਈ ਵੀ ਕੰਮ ਸਵਾਰ ਨਹੀਂ ਸਕਦਾ। ਇਸੇ ਲਈ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਭਜਨ ਬਾਣੀ ਅਤੇ ਸਮਾਜ ਸੁਧਾਰ ਦਾ ਪਰਚਾਰ ਸ਼ੁਰੂ ਕੀਤਾ। ਸਤਿਗੁਰੂ ਜੀ ਦੀ ਸ਼ਖਸੀਅਤ ਵਿਚ ਕੋਈ ਐਸਾ ਚਮਤਕਾਰ ਸੀ (ਹੈ) ਕਿ ਜਿਹੜਾ ਵੀ ਆਪ ਜੀ ਦਾ ਉਪਦੇਸ਼ ਸੁਣਦਾ, ਆਪ ਜੀ ਦਾ ਅਨੁਯਾਈ ਹੋ ਜਾਂਦਾ। ਗਿਆਨੀ ਗਿਆਨ ਸਿੰਘ ਜੀ, ਸ੍ਰੀ ਸਤਿਗੁਰੂ ਜੀ ਦੇ ਪਰਚਾਰ ਬਾਰੇ ਇਸ ਤਰ੍ਹਾਂ ਲਿਖਦੇ ਹਨ

ਹੁੱਕੇ ਛੁੜਵਾਏ, ਰਖਵਾਏ ਕੇਸ ਮੋਨਯੋਂ ਕੈ;
ਸੁਧਾ ਛਕਿ, ਬਾਏ ਸਿੱਖ, ਭਾਗ ਜਿਨੈ ਜਾਗਿਓ।

ਅਤੇ ਸਤਿਗੁਰੂ ਜੀ ਦਾ

ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਧਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।

ਸਤਿਗੁਰੂ ਜੀ ਦਾ ਵਧਦਾ ਪਰਤਾਪ ਵੇਖ ਕੇ ਅੰਗਰੇਜ਼ੀ ਸਰਕਾਰ ਨੂੰ ਅਪਣੇ ਰਾਜ ਦਾ ਖਤਰਾ ਪੈ ਗਿਆ

ਗੋਰੇ ਬਹਿ ਕੇ ਕੌਂਸਲ ਕਰਦੇ,
ਸਾਡੇ ਚਿਤ ਗੁਰਾਂ ਤੋਂ ਡਰਦੇ,
ਸਤਿਗੁਰ ਬਹਿ ਜਾਵੇ ਵਿਚ ਘਰਦੇ,
ਗੋਰਾ ਆਖਦਾ

(ਬਾਬਾ ਚੰਦਾ ਸਿੰਘ ਜੀ)

ਭਾਵ ਸਰਕਾਰ ਨੇ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦੀ ਦਾ ਹੁਕਮ ਦੇ ਦਿੱਤਾ

ਹੁਣ ਸਤਿਗੁਰੂ ਜੀ ਨੇ ਸੱਤਿਆ ਗ੍ਰਹਿ ਦੇ ਤੌਰ ਤੇ ਮੇਲੇ ਸ਼ੁਰੂ ਕਰ ਦਿੱਤੇ। ਸਰਕਾਰ ਨੇ ਅਪਣੀ ਨੱਕ ਬਣਾਈ ਰਖਣ ਵਾਸਤੇ ਪਾਬੰਦੀਆਂ ਢਿਲੀਆਂ ਕਰ ਦਿਤੀਆਂ ਅਤੇ ਮੇਲਿਆਂ ਤੇ ਪੋਲੀਸ ਦਾ ਪੂਰਾ ਪੂਰਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ

ਹੋਲੀ ਦਾ ਤਿਉਹਾਰ ਬਹੁਤ ਪੁਰਾਣਾ ਹੈ। ਸ੍ਰੀ ਕ੍ਰਿਸ਼ਨ ਮਹਾਰਾਜ ਜੀ ਅਪਣੇ ਢੰਗ ਨਾਲ ਮਨਾਉਂਦੇ ਰਹੇ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਅਪਣੇ ਢੰਗ ਨਾਲ ਮਨਾਉਂਦੇ ਰਹੇ ਅਤੇ ਹੁਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਪਣੇ ਢੰਗ ਨਾਲ ਮਨਾਉਣਾ ਸ਼ੁਰੂ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੋਲੀ ਵਾਲੇ ਦਿਨ

ਦੇ ਨਾਲ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਦਿਨ ਮਿਲਾ ਕੇ ਇਕ ਵੱਡਾ ਮੇਲਾ ਮਨਾਉਣ ਸ਼ੁਰੂ ਕਰ ਦਿੱਤਾ। ਹੋਲੇ ਮਹੱਲੇ ਨੂੰ ਪ੍ਰਚਾਰ ਦਾ ਇਕ ਵੱਡਾ ਸਾਧਨ ਸਮਝ ਕੇ ਇਹ ਮੇਲਾ ਵੱਖ-ਵੱਖ ਥਾਵਾਂ ਤੇ ਮਨਾਉਣ ਦੀ ਪ੍ਰਥਾ ਚਲਾਈ। ਸੰਮਤ ੧੯੨੩ (ਸੰਨ 1867) ਦਾ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਮਨਾਇਆ ਗਿਆ ਸੀ ਅਤੇ ੧੯੨੪ (ਸੰਨ 1868) ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਮਨਾਇਆ ਗਿਆ ਸੀ। ਅਗੋਂ ਸੰਮਤ ੧੯੨੫ (ਸੰਨ 1869) ਦਾ ਹੋਲਾ ਮਹੱਲਾ ਮਾਨਾਂ ਵਾਲੇ ਮਨਾਇਆ ਜਾਵੇਗਾ।

ਮਾਨਾਂ-ਵਾਲੇ ਦੀ ਸੰਗਤ ਬੜੇ ਚਾਅ ਨਾਲ ਹੋਲੇ ਮਹੱਲੇ ਦੀ ਉਡੀਕ ਕਰ ਰਹੀ ਸੀ। ਮਾਰਚ (March 1869) ਚੜ੍ਹਦੇ ਹੀ ਤਿਆਰੀ ਸ਼ੁਰੂ ਹੋ ਗਈ। ਇਕ ਖੁਲ੍ਹੀ ਥਾਂ ਤੇ ਪੰਡਾਲ ਬਣਾ ਕੇ ਇਕ ਵੱਡਾ ਸ਼ਾਮਿਆਨਾ ਲਾਇਆ ਗਿਆ। ਇਕ ਸੁਹਣਾ ਥੜ੍ਹਾ ਬਣਾ ਕੇ ਸਤਿਗੁਰੂ ਜੀ ਦੇ ਆਸਣ ਲਈ ਜਗ੍ਹਾ ਬਣਾਈ ਗਈ। ਇਸ ਥੜੇ ਦੇ ਸਾਮ੍ਹਣੇ, ਥੋੜੀ ਜਗ੍ਹਾ ਛੱਡ ਕੇ ਇਕ ਹੋਰ ਥੜ੍ਹਾ ਰਾਗੀ ਸਿੰਘਾਂ ਵਾਸਤੇ ਬਣਾਇਆ ਗਿਆ। ਇਸ ਪੰਡਾਲ ਤੋਂ ਕੁਝ ਦੂਰ ਇਕ ਖੂਹ ਦੇ ਕੋਲ ਲੰਗਰ ਬਣਾਉਣ ਅਤੇ ਛਕਾਉਣ ਦਾ ਪ੍ਰਬੰਧ ਕੀਤਾ ਗਿਆ।

ਹੋਲੇ ਮਹੱਲੇ ਦੀ ਤਾਰੀਕ ਵੀ ਆ ਗਈ। ਲੰਗਰ ਚਾਲੂ ਹੋ ਗਿਆ। ਸੰਗਤ ਆਉਣੀ ਸ਼ੁਰੂ ਹੋ ਗਈ। ਕੀਰਤਨੀ ਜਥੇ ਕੀਰਤਨ ਕਰਦੇ ਕਰਦੇ ਆਉਣੇ ਸ਼ੁਰੂ ਹੋ ਗਏ। ਨੇੜੇ ਦੇ ਪਿੰਡਾਂ ਦੇ ਲੋਕੀਂ ਵਹੀਰਾਂ ਦੇ ਵਹੀਰ ਆਉਣ ਲੱਗ ਪਏ। ਚੰਗੀ ਗਹਿਮਾ ਗਹਿਮ ਹੋ ਗਈ ਸੱਚੇ ਪਾਤਸ਼ਾਹ ਜੀ ਵੀ ਅਪਣੇ ਹਜ਼ੂਰੀ ਸੇਵਕਾਂ ਸਮੇਤ ਪਹੁੰਚ ਗਏ। ਕਈ ਸਰਕਾਰੀ ਹਾਕਮ ਵੀ ਪੋਲੀਸ ਸਹਿਤ ਪਹੁੰਚ ਗਏ।

ਅਗਲੀ ਸਵੇਰ ਅੰਮ੍ਰਿਤ ਵੇਲੇ ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ। ਸੰਗਤ ਵੀ ਇਸ਼ਨਾਨ ਕਰਕੇ ਆਉਣੀ ਸ਼ੁਰੂ ਹੋ ਗਈ। ਥੋੜੀ ਹੀ ਦੇਰ ਪਿਛੋਂ ਸ੍ਰੀ ਸਤਿਗੁਰੂ ਜੀ ਵੀ ਅਪਣੇ ਸੇਵਕ ਸਮੇਤ ਆ ਗਏ। ਸਾਰੀ ਸੰਗਤ ਨੇ ਉੱਠ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਸੁਆਗਤ ਕੀਤਾ। ਸਤਿਗੁਰੂ ਜੀ ਸ਼ਬਦ ਕੀਰਤਨ ਨੂੰ ਮੱਥਾ ਟੇਕ ਕੇ ਅਪਣੇ ਆਸਣ ਤੇ ਸੁਭਾਇਮਾਨ ਹੋ ਗਏ। ਸਾਰੀ ਸੰਗਤ ਮਾਈ ਭਾਈ ਸ੍ਰੀ ਸਤਿਗੁਰੂ ਜੀ ਨੂੰ ਯਥਾ ਸ਼ਕਤ ਭੇਟਾ ਰਖ ਕੇ ਵਾਰੀ ਵਾਰੀ ਨਮਸਕਾਰ ਕਰਕੇ ਅਪਣੀ ਅਪਣੀ ਥਾਂ ਤੇ ਬਹਿ ਕੇ ਹੱਥਾਂ ਨਾਲ ਮਾਲਾ ਫੇਰ ਕੇ ਰਸਨਾ ਨਾਲ ਭਜਨ ਕਰਦੀ ਹੋਈ ਕੀਰਤਨ ਦਾ ਰਸ ਮਾਨਣ ਲਗ ਪਈ। ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਪਿਛੋਂ ਬਹੁਤ ਸਾਰੇ ਸਰੀਰਾਂ ਨੇ ਭਰੀ ਸੰਗਤ ਵਿਚ ਸਤਿਗੁਰੂ ਜੀ ਦੇ ਸਾਮ੍ਹਣੇ ਖਲੋ ਕੇ ਦੋਵੇਂ ਹੱਥ ਜੋੜ ਕੇ ਅਪਣੇ ਪਿਛਲੇ ਕੀਤੇ ਹੋਇ ਕੁਕਰਮਾਂ ਦੀ ਖਿਮਾ ਮੰਗੀ

**ਪਿਛਲੇ ਅਉਗੁਣ ਬਖਸਿ ਲੈ**

**ਪ੍ਰਭੁ ਆਗੈ ਮਾਰਗਿ ਪਾਵੈ ॥**

(ਪੰਨਾ ੬੨੫-੨੫)

Sri Satguru Jagjit Singh Ji Elibrary NamdhariElibrary@gmail.com

ਅਥਵਾ

# ਪਿਛਲੇ ਗੁਨਹ ਸਤਿਗੁਰ ਬਖਸ਼ਿ ਲਏ ਸਤ ਸੰਗਤਿ ਨਾਲ ਰਲਾਵੈ ॥

(ਪੰਨਾ ੮੫੫)

ਅਨੁਸਾਰ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਸਭ ਤੇ ਕਿਰਪਾ ਕੀਤੀ, ਸਭ ਨੂੰ ਭਜਨ ਦਿੱਤਾ ਗਿਆ ਸਭ ਨੇ ਮਾਸ, ਸ਼ਰਾਬ, ਚੋਰੀ ਜਾਰੀ ਤਿਆਗ ਕੇ ਸਿੱਖੀ ਧਾਰਨ ਕੀਤੀ

ਸੁਧਾ ਛਕਿ ਥਾਟੇ ਸਿੱਖ ਭਾਗ ਜਿਨੈ ਜਾਗਿਓ
(ਅੰਮ੍ਰਿਤ)
(ਗਿਆਨੀ ਗਿਆਨ ਸਿੰਘ ਜੀ)

ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਪਿਛੋਂ ਸੱਚੇ ਪਾਤਿਸ਼ਾਹ ਜੀ ਤਾਂ ਡੇਰੇ ਚਲੇ ਪਰ ਪੰਡਾਲ ਵਿਚ ਕਈ ਜਥੇਦਾਰ ਵਾਰੀ ਵਾਰੀ ਦੀਵਾਨ ਲਾਉਂਦੇ ਰਹੇ । ਸ਼ਾਮ ਨੂੰ ਰਾਗੀ ਸਿੰਘਾਂ ਨੇ ਕੀਰਤਨ ਸ਼ੁਰੂ ਕੀਤਾ ਅਤੇ ਸਤਿਗੁਰੂ ਜੀ ਵੀ ਅਪਣੇ ਸਿੰਘਾਸਨ ਤੇ ਸੁਭਾਇਮਾਨ ਸਾਧ ਸੰਗਤ ਨੂੰ ਦਰਸ਼ਨ ਦਿੰਦੇ ਰਹੇ । ਸ਼ਬਦ ਦਾ ਐਸਾ ਰੰਗ ਬਣਿਆ ਕਿ ਕਈ ਬੀਬੀਆਂ ਅਤੇ ਸਿੱਖ ਮਸਤਾਨੇ ਹੋ ਗਏ । ਸਭ ਅਪਣੇ ਅਪਣੇ ਢੰਗ ਨਾਲ ਪੰਡਾਲ ਵਿਚ ਨਿਰਤਕਾਰੀ ਕਰਨ ਲੱਗ ਪਏ

ਰਾਗੀ ਸੋਹਣੇ ਸ਼ਬਦ ਸੁਣਾਵਣ,
ਸਿੰਘ ਹੋ ਮਸਤਾਨੇ ਜਾਵਣ,
ਖੁਲ੍ਹੇ ਕੇਸ ਤੇ ਛਾਲੀ ਲਾਵਣ,
ਮੇਰੇ ਸਤਿਗੁਰ ਦੇ ਮਨ ਭਾਵਣ
ਜਦੋਂ ਉਹ ਲੇਟਦੇ ।

ਅਤੇ

ਬੀਬੀਆਂ ਵਾਂਗ ਕਬੂਤਰ ਫਟਕਣ
ਕਰਦੀਆਂ ਨਿਰਤ ਪੈਰ ਨਹੀਂ ਅਟਕਣ
ਖੁਲ੍ਹੇ ਕੇਸ ਗਲੇ ਵਿਚ ਲਟਕਣ
ਸੋਭਾ ਪਾਂਵਦੇ ।

(ਬਾਬਾ ਚੰਦਾ ਸਿੰਘ ਜੀ)

Sri Satguru Jagjit Singh Ji Elibrary NamdhariElibrary@gmail.com

ਕੀਰਤਨ ਦੇ ਭੋਗ ਪਿਛੋਂ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਸਾਧ ਸੰਗਤ ਦੇ ਭਲੇ ਲਈ ਆਪ ਉਪਦੇਸ਼ ਦਿੱਤਾ। ਆਪ ਜੀ ਨੇ ਅਨੇਕ ਪ੍ਰਮਾਣ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਕਿ

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ (ਪੰਨਾ ੧੧੮੫)

ਅਥਵਾ

ਸਤਿਜੁਗਿ ਸਤੁ, ਤੇਤਾ ਜਗੀ, ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ ॥ ਪੰਨਾ ੩੪੬

ਆਪ ਜੀ ਨੇ ਸਮਝਾਇਆ ਕਿ,

ਜੋ ਕਿਛੁ ਕਰਹਿ ਸੋਈ ਅਬ ਸਾਰੁ ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ (ਪੰਨਾ ੧੧੫੮)

ਆਪ ਜੀ ਨੇ ਬੜੇ ਪ੍ਰੇਮ ਨਾਲ ਸਮਝਾਇਆ ਕਿ ਇਹ ਮਨੁਖ ਜਨਮ ਬੜੇ ਚੰਗੇ ਭਾਗਾਂ ਕਰਕੇ ਮਿਲਿਆ ਹੈ

ਗੁਰ ਸੇਵਾ ਤੇ ਭਗਤਿ ਕਮਾਈ
ਤਬ ਇਹ ਮਾਨਸ ਦੇਹੀ ਪਾਈ ॥ (ਪੰਨਾ ੧੧੫੯)

ਇਸ ਨੂੰ ਵਿਅਰਥ ਨ ਗਵਾਓ, ਨਹੀਂ ਤਾਂ

ਇਸੁ ਪਉੜੀ ਤੇ ਜੋ ਨਰ ਚੂਕੈ ਸੋ ਆਇ ਜਾਇ ਦੁਖੁ ਪਾਇਦਾ।

ਆਪ ਜੀ ਨੇ ਇਸ ਸਚਾਈ ਨੂੰ ਬੜੇ ਸੁਚੱਜੇ ਢੰਗ ਨਾਲ ਕਹਿਆ ਕਿ ਭਾਈ

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥

ਇਸ ਤਰਾਂ ਦੇ ਕਈ ਪਰਮਾਣ ਦੇ ਕੇ ਆਪ ਜੀ ਨੇ ਗੁਰੂ ਕੋਲੋਂ ਨਾਮ ਲੈ ਕੇ ਜਪਨ ਦੀ ਸਿੱਖਿਆ ਦਿੱਤੀ ਅਤੇ ਗੁਰਬਾਣੀ ਦਾ ਪਾਠ ਕਰਨ ਦੀ ਵੀ ਪੱਕੀ ਕੀਤੀ। ਇਸ ਦੇ ਪਿਛੋਂ ਆਪ ਜੀ ਨੇ ਆਹਾਰ ਬਾਰੇ ਸਿੱਖਿਆ ਦਿੱਤੀ। ਆਪ ਜੀ ਨੇ ਕਹਿਆ ਕਿ "ਜੈਸਾ ਅੰਨ ਤੈਸਾ ਮਨ" ਭਾਵ ਕਿ ਆਹਾਰ ਦੇ ਸ਼ੁੱਧ ਹੋਣ ਨਾਲ ਅੰਤਹਕਰਣ

ਸ਼ੁੱਧ ਹੁੰਦਾ ਹੈ ਅਤੇ ਅੰਤਹਕਰਣ ਦੇ ਸ਼ੁੱਧ ਹੋਣ ਨਾਲ ਭਜਨ ਬਾਣੀ ਚੰਗਾ ਹੁੰਦਾ ਹੈ ਅਤੇ ਭਜਨ ਬਾਣੀ ਕਰਨ ਨਾਲ ਦੁਖਾਂ ਦੀ ਨਿਵਿਰਤੀ ਹੁੰਦੀ ਹੈ ਇਸ ਲਈ ਅਪਣਾ ਆਹਾਰ ਸ਼ੁੱਧ ਰਖੋ । ਮਾਸ ਸ਼ਰਾਬ ਤਮਾਕੂ ਆਦਿ ਬਿਲਕੁਲ ਨ ਵਰਤੋ । ਭਗਤ ਕਬੀਰ ਜੀ ਤਾਂ ਇਸ ਤਰ੍ਹਾਂ ਲਿਖਦੇ ਹਨ :-

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥**

(ਪੰਨਾ ੧੩੭੭)

ਸਤਿਗੁਰੂ ਜੀ ਦੇ ਉਪਦੇਸ਼ ਦਾ ਅਸਰ ਐਸਾ ਹੋਇਆ ਕਿ ਅਜ ਤਾਂ ਅਪਣੇ ਅਪਣੇ ਗੁਨਾਹਾਂ ਦੀ ਬਖਸ਼ਸ਼ ਮੰਗਣ ਵਾਲਿਆਂ ਦਾ ਜਵਾਰ ਭਾਟਾ ਹੀ ਆ ਗਿਆ । ਬੜੇ ਹੀ ਸ਼ਰੀਰਾਂ ਨੇ ਮਾਸ ਸ਼ਰਾਬ ਛੱਡਣ ਦਾ ਪ੍ਰਣ ਕੀਤਾ ਅਤੇ ਭਜਨ ਲੈ ਕੇ ਸਿੱਖੀ ਧਾਰਨ ਕੀਤੀ ।

ਅਰਦਾਸ ਪਿਛੋਂ ਸਤਿਗੁਰੂ ਜੀ ਅਪਣੇ ਡੇਰੇ ਚਲੇ ਗਏ ਅਤੇ ਫਿਰ ਜਥੇਦਾਰਾਂ ਦੇ ਹੱਲੇ ਦੇ ਦੀਵਾਨ ਲਗਦੇ ਰਹੇ । ਅਗਲੀ ਸਵੇਰ ਅੰਮ੍ਰਿਤ ਵੇਲੇ ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ । ਸ਼ਾਮ ਨੂੰ ਕੀਰਤਨ ਦੇ ਪਿਛੋਂ ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ । ਇਸ ਦਿਨ ਆਪ ਜੀ ਨੇ ਇਸਤਰੀਆਂ ਨਾਲ ਹੋ ਰਹੇ ਅਨਿਆਏ ਬਾਰੇ ਦਸਦਿਆਂ ਕਿਹਾ ਕਿ ਤੁਸੀਂ ਸਾਰੇ ਸਿਆਣੇ ਹੋ ਤੁਸੀਂ ਜਾਣਦੇ ਹੀ ਹੋ ਕਿ ਗਿਰਸਤੀ ਜੀਵਨ ਵਾਸਤੇ ਮਰਦ ਅਤੇ ਔਰਤ ਦੁਹਾਂ ਦੀ ਲੋੜ ਇਕੋ ਜਿੰਨੀ ਹੈ । ਜੇ ਵੀਚਾਰ ਕਰੋ ਤਾਂ ਪਤਾ ਲਗਦਾ ਹੈ ਕਿ ਗਿਰਸਤ ਮਾਰਗ ਦੇ ਬਹੁਤੇ ਕੰਮ ਤਾਂ ਔਰਤਾਂ ਰਾਹੀਂ ਹੀ ਹੁੰਦੇ ਹਨ । ਆਪ ਜੀ ਨੇ ਫੁਰਮਾਇਆ ਕਿ ਇਸਤਰੀਆਂ ਵਿਚ ਬਹੁਤ ਗੁਣ ਹਨ, ਅਨੇਕ ਤਰ੍ਹਾਂ ਦੇ ਸੁਖ ਦਿੰਦਿਆਂ ਹਨ । ਤੁਸੀਂ ਸ੍ਰੀ ਆਸਾ ਜੀ ਦੀ ਵਾਰ ਪੜ੍ਹ ਕੇ ਵੇਖੋ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਨੇ ਇਨ੍ਹਾਂ ਦੀ ਕਿੰਨੀ ਸਿਫਤਿ ਕੀਤੀ ਹੈ

**ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ।**
**ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ।**
**ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ ।**
**ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ।**

ਸਤਿਗੁਰੂ ਜੀ ਨੇ ਸਮਝਾਇਆ ਕਿ ਜਦ ਆਪ ਨਾਰਾਇਣ ਰੂਪ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਇਸ ਤਰ੍ਹਾਂ ਲਿਖਦੇ ਹਨ ਤਾਂ ਸਾਨੂੰ ਵੀ ਇਸਤਰੀਆਂ ਦੀ ਕਦਰ ਕਰਨੀ

Sri Satguru Jagjit Singh Ji Elibrary NamdhariElibrary@gmail.com

ਚਾਹੀਦੀ ਹੈ

## ਕਿੰਨਾ ਪਾਪ ਹੈ ਜੰਮਦੀ ਕੁੜੀ ਨੂੰ ਮਾਰ ਦੇਣਾ ?
## ਕਿੰਨਾ ਨਿਰਦਈ ਹੈ ਇਹ ਨੀਚ ਕੰਮ ਕਰਨਵਾਲਾ ?

ਤੁਸੀਂ ਆਪ ਹੀ ਸੋਚੋ ਕਿ ਜੇ ਕੁੜੀਆਂ ਮਾਰੀ ਜਾਵਹੁਗੇ ਤਾਂ ਫਿਰ ਅਪਣਿਆਂ ਮੁੰਡਿਆਂ ਦੀ ਵਿਆਹ ਕਿੰਨਾਂ ਨਾਲ ਕਰੋਗੇ ?

ਸਤਿਗੁਰੂ ਜੀ ਨੇ ਸਮਾਜ ਦੀ ਇਕ ਹੋਰ ਭੈੜੀ ਰਸਮ ਕੁੜੀਆਂ ਵੇਚਣੀਆਂ ਬਾਰੇ ਕਿਹਾ ਕਿ ਜਿਹੜੇ ਮਾਪੇ ਅਪਣੀਆਂ ਨੌਜਵਾਨ ਕੁੜੀਆਂ ਦੇ ਪੈਸੇ ਲੈ ਕੇ, ਬੁੱਢਿਆਂ ਰੋਗੀਆਂ, ਦੁਰਾਚਾਰੀਆਂ ਜਾਂ ਅੰਗਹੀਨਾਂ ਨਾਲ ਵਿਆਹ ਦਿੰਦੇ ਹਨ, ਉਹ ਅਪਣੀਆਂ ਬੱਚੀਆਂ ਤੇ ਬਹੁਤ ਭਾਰੀ ਜ਼ੁਲਮ ਕਰਦੇ ਹਨ । ਤੁਸੀਂ ਬੱਚੀਆਂ ਨੂੰ ਵੀ ਅਪਣੇ ਵਰਗਾ ਸਮਝੋ, ਇਹ ਮੱਝਾਂ, ਗਊਆਂ ਜਾਂ ਬਕਰੀਆਂ ਨਹੀਂ ਹਨ ਕਿ ਜਿੱਥੇ ਚਾਹੋ ਵੇਚ ਦਿਓ । ਇਹ ਵੀ ਤੁਹਾਡੀ ਹੀ ਅੰਸ ਹਨ । ਇਨ੍ਹਾਂ ਵਾਸਤੇ ਜੋਗ ਵਰ ਲੱਭੋ । ਬੱਚੀ ਭਾਵੇਂ ਕਿਸੇ ਗ੍ਰੀਬ ਲੜਕੇ ਨਾਲ ਵੀ ਵਿਹਾਉਣੀ ਪਵੇ ਤਾਂ ਇਸ ਵਿਚ ਕੋਈ ਹਰਜ ਨਹੀਂ । ਜੇ ਜਵਾਈ ਚੰਗਾ ਹੈ ਤਾਂ ਲੜਕੀ ਗਰੀਬੀ ਵਿਚੂ ਸੁਖੀ ਰਹਿ ਸਕਦੀ ਅਤੇ ਲੜਕੀ ਦਾ ਪਤੀਬ੍ਰਤ ਧਰਮ ਵੀ ਕਾਇਮ ਰਹਿ ਸਕਦਾ ਹੈ

ਇਸ ਦੇ ਪਿਛੋਂ ਸਤਿਗੁਰ ਜੀ ਨੇ ਸਾਧ ਸੰਗਤ ਦਾ ਧਿਆਨ ਬਾਲ ਵਿਵਾਹ ਵਲ ਦਿਵਾਇਆ ਅਤੇ ਕਿਹਾ ਕਿ ਬੱਚਿਆਂ ਦੇ ਵਿਆਹ ਛੋਟੀ ਉਮਰ ਵਿਚ ਕਰ ਦੇ ਦੇਣੇ ਕੋਈ ਸਿਆਣਪ ਨਹੀਂ । ਤੁਸੀਂ ਤਾਂ ਸੋਚਦੇ ਹੋ ਕਿ ਬੱਚਿਆਂ ਦੇ ਵਿਆਹ ਕਰਕੇ ਅਪਣੇ ਸਿਰੋਂ ਭਾਰ ਉਤਾਰਿਆ ਜਾਏ ਪਰ ਇਹ ਨਹੀਂ ਸੋਚਦੇ ਕਿ ਜਵਾਨ ਹੋਣ ਤਕ ਲੜਕੇ ਜਾਂ ਲੜਕੀ ਦੀ ਸਰੀਰਕ ਹਾਲਤ ਕੈਸੀ ਹੋ ਜਾਏ । ਬਾਲ ਅਵਸਥਾ ਪੜ੍ਹਾਈ ਕਰਨ ਵਾਸਤੇ ਹੁੰਦੀ ਹੈ । ਬੱਚਿਆਂ ਨੂੰ ਪੜ੍ਹਾਓ ਅਤੇ ਕੋਈ ਦਸਤਕਾਰੀ ਕੰਮ ਸਿਖਾਓ ਤਾਂ ਜੋ ਵਡੇ ਹੋ ਕੇ ਅਪਣਾ ਗ੍ਰਿਹਸਤੀ ਜੀਵਨ ਚੰਗੀ ਤਰ੍ਹਾਂ ਬਿਤਾ ਸਕਣ ਅਤੇ ਚੰਗੇ ਨਾਗਰਕ ਬਣ ਸਕਣ, ਦੇਸ਼ ਅਤੇ ਕੌਮ ਦੀ ਸੇਵਾ ਕਰ ਸਕਣ ।

ਸਤਿਗੁਰੂ ਜੀ ਨੇ ਬੜੇ ਪ੍ਰਮਾਣ ਦੇ ਕੇ ਸਮਾਜ ਵਿਚ ਪ੍ਰਚਲਤ ਇਕ ਬੜੀ ਭੈੜੀ ਰਸਮ ਵਿਧਵਾ ਇਸਤਰੀ ਦੇ ਸਤੀ ਹੋਣ ਨੂੰ ਬੜਾ ਨਿੰਦਿਆ । ਆਪ ਜੀ ਨੇ ਕਿਹਾ ਕਿ ਕਿਸੇ ਬੀਬੀ ਦਾ ਵਿਧਵਾ ਹੋ ਜਾਣਾ ਕਿਸੇ ਦੇ ਵੱਸ ਨਹੀਂ, ਇਹ ਪਰਮਾਤਮਾ ਦੇ ਹੱਥ ਹੈ ਜਾਂ ਕਰਮਾਂ ਦੀ ਖੇਡ ਹੈ । ਵਿਧਵਾ ਹੋ ਜਾਣ ਵਾਲੀ ਬੀਬੀ ਨੂੰ ਕਿੰਨਾ ਦੁਖ ਹੁੰਦਾ ਹੈ ? ਇਹ ਉਹ ਹੀ ਜਾਣਦੀ ਹੈ

ਅਖਾਂ ਸਾਮ੍ਹਣੇ ਜਿਦ੍ਹਾ ਮਹਿਬੂਬ ਤੁਰ ਜਾਏ
ਉਹਦੀ ਹਾਲਤ ਨੂੰ ਉਹੋ ਹੀ ਜਾਣਦੀ ਹੈ

ਵਿਧਵਾ ਹੋਣ ਵਾਲੀ ਬੀਬੀ ਨੂੰ ਇਕ ਤਾਂ ਪਤੀ ਦੇ ਚਲੇ ਜਾਣ ਦਾ ਮਹਾਂ ਦੁਖ ਹੁੰਦਾ ਹੈ

Sri Satguru Jagjit Singh Ji Elibrary NamdhariElibrary@gmail.com

ਅਤੇ ਦੂਜਾ ਉਸਨੂੰ ਜ਼ਿੰਦਾ ਹੀ ਸਾੜਨ ਦੀਆਂ ਤਿਆਰੀਆਂ ਕਰਦੇ ਹੋ । ਉਸਨੂੰ ਧਰਮ ਦੀਆਂ ਧਮਕੀਆਂ ਦੇ ਕੇ ਅਤੇ ਸਵਰਗ ਦੇ ਝੂਠੇ ਲਾਰੇ ਲਾ ਕੇ ਸਤੀ ਹੋਣ ਵਾਸਤੇ ਮਜਬੂਰ ਕਰਦੇ ਹੋ । ਯਾਦ ਰਖੋ ਕਿ ਕਿਸੇ ਵਿਧਵਾ ਨੂੰ ਮਜਬੂਰਨ ਜਾਂ ਜਬਰਨ ਸਾੜਨ ਨਾਲ ਉਹ ਸਤੀ ਨਹੀ ਹੁੰਦੀ

## ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥

ਅਸਲੀ ਸਤੀ ਉਹ ਹੁੰਦੀ ਹੈ ਜਿਹੜੀ

## ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥

ਸਤਿਗੁਰੂ ਜੀ ਨੇ ਕਿਹਾ ਕਿ ਤੁਸੀਂ ਜਰਾ ਸੋਚੋ ਕਿ ਜੇ ਇਕ ਜੀਅ (ਪਤੀ) ਅਪਣੇ (ਪੰਨਾ ੭੮੭) ਕਰਮਾਂ ਅਨੁਸਾਰ ਚੜ੍ਹਾਈ ਕਰ ਗਿਆ ਹੈ ਤਾਂ ਦੂਜੇ ਜੀਅ (ਪਤਨੀ) ਨੂੰ ਤਾਂ ਐਵੇਂ ਹੀ ਨ ਮਾਰੋ । ਜੇ ਤੁਹਾਨੂੰ ਉਸ ਵਿਧਵਾ ਹੋਣ ਵਾਲੀ ਬੀਬੀ ਨਾਲ ਸੱਚੀ ਹਮਦਰਦੀ ਹੈ ਤਾਂ ਉਸ ਦੀ ਮਦਦ ਕਰੋ । ਉਸ ਦੇ ਗੁਜ਼ਾਰੇ ਜੋਗਾ ਪ੍ਰਬੰਧ ਕਰੋ ਅਤੇ ਜੇ ਕੋਈ ਜੋਗ ਆਦਮੀ ਮਿਲ ਸਕਦਾ ਹੋਵੇ ਤਾਂ ਉਸ ਨਾਲ ਵਿਆਹ ਕਰਾ ਦੇਣ ਦੀ ਮਦਦ ਕਰੋ । ਇਹ ਬਹੁਤ ਵੱਡਾ ਪੁੰਨ ਹੈ । ਇਸ ਵਿਚ ਨਾ ਕੋਈ ਹਰਜ ਹੈ ਅਤੇ ਨਾ ਹੀ ਕੋਈ ਅਪਸਗਨ ਹੈ । ਇਕ ਤਾਂ ਨਵਾਂ ਘਰ ਵੱਸ ਜਾਏਗਾ ਅਤੇ ਦੂਜਾ ਉਸ ਜੋੜੇ ਦੀਆਂ ਅਸੀਸਾਂ ਵੀ ਮਿਲਣ ਗੀਆਂ

ਅਖੀਰ ਤੇ ਸਤਿਗੁਰੂ ਜੀ ਨੇ ਕਿਹਾ ਕਿ ਅਗੇ ਤੋਂ ਕੋਈ ਲੜਕੀ ਨ ਮਾਰੇ ਅਤੇ ਨ ਹੀ ਕੋਈ ਕੁੜੀ ਵੇਚੇ । ਲੜਕੀ ਦਾ ਵਿਆਹ ਘਟ ਤੋਂ ਘਟ ੧੬-੧੭ ਸਾਲ ਦੀ ਉਮਰ ਤੋਂ ਪਹਿਲਾਂ ਨ ਕਰਨਾ ਅਤੇ ਲੜਕੇ ਦਾ ਵਿਆਹ ਘਟ ਤੋਂ ਘਟ ੧੮-੨੦ ਸਾਲ ਦੀ ਉਮਰ ਤੋਂ ਪਹਿਲਾਂ ਨ ਕਰਨਾ । ਵੱਟੇ ਦੇ ਰਿਸ਼ਤੇ ਵੀ ਨ ਕਰਨੇ ਅਤੇ ਜੇ ਕਿਸੇ ਵਿਧਵਾ ਬੀਬੀ ਦੀ ਕਿਸੇ ਦੂਜੇ ਥਾਂ ਵਿਆਹ ਹੋ ਸਕਦਾ ਹੋਵੇ ਤਾਂ ਉਸਦਾ ਵਿਆਹ ਕਰ ਦੇਣਾ, ਕੋਈ ਰੁਕਾਵਟ ਨਾ ਪਾਉਣੀ

ਸ੍ਰੀ ਸਤਿਗੁਰੂ ਜੀ ਦਾ ਪਵਿੱਤ੍ਰ ਉਪਦੇਸ਼ ਸੁਣ ਕੇ ਸਾਰੇ ਸ੍ਰੋਤੇ

**ਧੰਨ ਸਤਿਗੁਰ ਜੀ ਧੰਨ ਸਤਿਗੁਰੂ ਜੀ** ਕਹਿਣ ਲਗ ਪਏ

ਔਰਤਾਂ ਤਾਂ ਬਹੁਤ ਹੀ ਖੁਸ਼ ਹੋਈਆਂ । ਕਈ ਬੀਬੀਆਂ ਮਸਤਾਨੀਆਂ ਹੋ ਗਈਆਂ ਖੁਸ਼ੀ ਵਿਚ ਨਚਦੀਆਂ ਕੁਦੀਆਂ ਇਹ ਹੀ ਆਖੀ ਜਾਣ

## ਸਤਿਗੁਰੁ ਸਭਨਾ ਦਾ ਭਲਾ ਮਨਾਇਦਾ

ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਆਦਮੀਆਂ ਨੂੰ ਵੀ ਸੋਝੀ ਹੋ ਗਈ ਕਿ ਠੀਕ ਕੁੜੀਆਂ ਮਾਰਨੀਆਂ ਅਤੇ ਕੁੜੀਆਂ ਵੇਚਣੀਆਂ ਕੋਈ ਸਾਊਪੁਣਾ ਨਹੀਂ ਹੈ, ਨਿਰਾ ਪਾਪ ਹੀ ਪਾਪ ਹੈ

Sri Satguru Jagjit Singh Ji Elibrary NamdhariElibrary@gmail.com

ਅਜ ਵੀ ਬਹੁਤ ਸਾਰੇ ਸਰੀਰਾਂ ਨੇ ਅਪਣੇ ਪਿਛਲੇ ਕੀਤੇ ਹੋਏ ਕੁਕਰਮਾਂ ਦੀ ਖਿਮਾ ਮੰਗੀ ਅਤੇ ਭਜਨ ਲੈ ਕੇ ਸਿੱਖੀ ਧਾਰਨ ਕੀਤੀ ।

ਏਸ ਤਰ੍ਹਾਂ

**ਵੱਜਿਆ ਧੌਂਸਾ ਧਰਮ ਦਾ, ਸਤਿਗੁਰ ਦੇ ਦਰਬਾਰ**
**ਧਰਮ ਚਲੇਗਾ ਜਗਤ ਵਿਚ ਬੋਲੇ ਸਭ ਅਕਾਲ**

(ਬਾਬਾ ਚੰਦਾ ਸਿੰਘ ਜੀ)

ਸਾਰੀ ਸੰਗਤ ਖੁਸ਼ ਸੀ ਪਰ ਸਰਕਾਰੀ ਅਫਸਰ ਸਤਿਗੁਰੂ ਜੀ ਦੀ ਸ਼ੋਭਾ ਵੇਖਕੇ ਅਤੇ ਜੱਸ ਸੁਣ ਕੇ ਬਹੁਤ ਦੁਖੀ ਹੋਏ ।

(ਸੋਭਾ)
**ਹੇਰ ਕੈ ਅਰੂਜ ਤੈ ਨਮੂਜ ਤਬਿ ਤਾਂਹਿ ਬਡ**
**ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ**

(ਗਿਆਨੀ ਗਿਆਨ ਸਿੰਘ)

*The spectacle of splendour and grace of Satguru ji made the administrators and the clerics loose much of their peace of mind.*

ਅਗਲੀ ਸਵੇਰ ਰਾਗੀਆਂ ਦੇ ਕੀਰਤਨ ਪਿਛੋਂ ਸ੍ਰੀ ਸਤਿਗੁਰੂ ਜੀ ਨੇ ਫਿਰ ਉਪਦੇਸ਼ ਦਿੱਤਾ । ਅਜ ਆਪ ਜੀ ਨੇ ਸੁਦੇਸ਼ੀ ਚੀਜਾਂ ਦੇ ਵਰਤਣ ਦਾ ਪਰਚਾਰ ਕੀਤਾ । ਆਪ ਜੀ ਨੇ ਨਿਡਰ ਹੋ ਕੇ ਅੰਗਰੇਜ਼ਾਂ ਦੀ ਚਾਲਾਕੀ ਦਾ ਪਰਚਾਰ ਕੀਤਾ ਆਪ ਜੀ ਨੇ ਕਿਹਾ ਕਿ ਅੰਗਰੇਜ ਭਾਰਤ ਵਿਚੋਂ ਕਪਾਹ (Cotton) ਬੜੀ ਸਸਤੀ ਖਰੀਦ ਕੇ ਇੰਗਲੈਂਡ ਲੈ ਜਾਂਦੇ ਹਨ ਅਤੇ ਉਥੇ ਮਸ਼ੀਨਾਂ ਰਾਹੀਂ ਕਪੜਾ ਤਿਆਰ ਕਰਕੇ ਫਿਰ ਭਾਰਤ ਵਿਚ ਲਿਆ ਕੇ ਬਹੁਤ ਮਹਿੰਗਾ ਵੇਚਦੇ ਹਨ । ਇਸ ਤਰ੍ਹਾਂ ਕਰਨ ਨਾਲ ਇੰਗਲੈਂਡ ਵਿਚ ਮਜ਼ਦੂਰਾਂ ਨੂੰ ਕੰਮ ਮਿਲ ਜਾਂਦਾ ਹੈ ਅਤੇ ਭਾਰਤ ਵਿਚ ਬੇਰੁਜ਼ਗਾਰੀ ਵਧਦੀ ਜਾ ਰਹੀ ਹੈ ।

ਸਤਿਗੁਰੂ ਜੀ ਨੇ ਇਹ ਵੀ ਆਦੇਸ਼ ਦਿੱਤਾ ਕੇ ਅਪਣਿਆਂ ਝਗੜਿਆਂ ਦੇ ਫੈਸਲਿਆਂ ਵਾਸਤੇ ਕਚਹਿਰੀਆਂ ਵਿਚ ਨ ਜਾਓ । ਉਥੇ ਇਕ ਤਾਂ ਪੈਸਾ ਬਰਬਾਦ ਹੁੰਦਾ ਹੈ ਅਤੇ ਦੂਜਾ ਵਕਤ ਵੀ ਬਹੁਤ ਜ਼ਾਇਆ ਹੁੰਦਾ ਹੈ ਫਿਰ ਪੂਰਾ ਇਨਸਾਫ਼ ਵੀ ਨਹੀਂ ਹੁੰਦਾ ਉਥੇ ਤਾਂ ਵੱਢੀ ਕੰਮ ਕੱਢੀ ਵਾਲੀ ਗਲ ਹੁੰਦੀ ਹੈ ਅਥਵਾ

**ਵਢੀ ਲੈਕੈ ਹਕੁ ਗਵਾਏ ॥**

ਜੇ ਮੇਰਾ ਕਹਿਣਾ ਮੰਨੋ ਤਾਂ ਅਪਣਿਆਂ ਝਗੜਿਆਂ ਦੇ ਫੈਸਲੇ ਅਪਣੇ ਇਲਾਕੇ ਦੇ ਸੂਬੇ ਕੋਲੋਂ ਕਰਵਾਇਆ ਕਰੋ ਜਾਂ ਪੰਚਾਇਤ ਕੋਲੋਂ ਕਰਵਾਇਆ ਕਰੋ ।

ਅਜ ਦਾ ਪਰਚਾਰ ਸੁਣ ਕੇ ਸਰਕਾਰੀ ਅਫ਼ਸਰਾਂ ਅਤੇ ਸਰਕਾਰੀ ਪਿਠੂਆਂ ਨੂੰ ਅੱਗ ਹੀ ਲੱਗ ਗਈ । ਸਭ ਊਟ ਪਟਾਂਗ ਬਕਣ ਲੱਗੇ ਪਰ

**ਉਨਾ ਦਾ ਆਖਿਆ ਕੋ ਨ ਸੁਣੈ** ॥ (ਪੰਨਾ ੩੦੮)

ਇਨ੍ਹਾਂ ਨਿੰਦਕਾਂ ਬਾਰੇ ਬਾਬਾ ਚੰਦਾ ਸਿੰਘ ਜੀ ਲਿਖਦੇ ਹਨ :-

ਇਕ ਨਿੰਦਕ ਨਿੰਦਾ ਕਰਦੇ, ਬੰਨ੍ਹ ਬੰਨ੍ਹ ਪੰਡਾਂ ਸਿਰਾਂ ਤੇ ਧਰਦੇ

ਸ੍ਰੀ ਸਤਿਗੁਰੂ ਰਾਮ ਦਾਸ ਜੀ ਲਿਖਦੇ ਹਨ

**ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ,**
**ਓਨਾ ਅਗੈ ਪਿਛੈ ਥਾਉ ਨਾਹੀ** । (ਪੰਨਾ ੩੦੮)

ਅਥਵਾ **ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ,**
**ਸੁ ਅਉਖਾ ਜਗ ਮਹਿ ਹੋਇਆ** ॥ (ਪੰਨਾ ੩੦੮)

ਹੁਣ ਇਹ ਪੋਲੀਸ ਵਾਲੇ
ਇਹ ਸੋਚਣ ਲਗੇ ਕਿ ਕੋਈ ਬਹਾਨਾ ਮਿਲੇ ਜਿਸ ਕਰ ਕੇ ਸਤਿਗੁਰੂ ਜੀ ਨੂੰ ਗਿਰਫਤਾਰ ਕਰ ਸਕਣ ਜਾਂ ਹੋਰ ਕੋਈ ਕਾਰਵਾਈ ਕਰ ਸਕਣ ।

ਦੂਜੇ ਪਾਸੇ ਅੱਜ ਮੇਲੇ ਦਾ ਆਖਰੀ ਦਿਨ ਸੀ । ਅੱਜ ਇਕ ਭਾਰੀ ਜਲੂਸ ਕਢਿਆ ਗਿਆ ਸੀ । ਜਲੂਸ ਵਿਚ ਸ੍ਰੀ ਸਤਿਗੁਰੂ ਜੀ ਇਕ ਹਾਥੀ ਉੱਤੇ ਇਕ ਸੁਹਣੀ ਪਾਲਕੀ ਵਿਚ ਬੈਠੇ ਹੋਏ ਸਨ । ਸੂਬੇ ਅਪਣੇ ਅਪਣੇ ਘੋੜਿਆਂ ਤੇ ਸਨ ਅਤੇ ਬਾਕੀ ਸੰਗਤ ਪੈਦਲ ਜਾ ਰਹੀ ਸੀ । ਕੀਰਤਨੀ ਜਥੇ ਸ਼ਬਦ ਪੜ੍ਹਦੇ ਜਾ ਰਹੇ ਸਨ । ਕਈ ਮਸਤਾਨੇ ਮਸਤੀ ਵਿਚ ਝੂਮਦੇ ਜਾ ਰਹੇ ਸਨ

ਜੇਹੜੇ ਹੋ ਮਸਤਾਨੇ ਜਾਹੀ,
ਕੂਕਾਂ ਮਾਰਨ ਵਿਚ ਚੁਰਾਹੀ,
ਇਨ੍ਹਾਂ ਨੂੰ ਖੌਫ ਕਿਸੇ ਦਾ ਨਾਹੀ,
ਬਾਝ ਅਕਾਲ ਦੇ ।

ਸਾਰੇ ਜਲੂਸ ਦੀ ਸ਼ੋਭਾ ਅਨੂਪਮ ਸੀ । ਕਵੀ ਜੀਤ ਜੀ ਲਿਖਦੇ ਹਨ :-

ਹਾਥੀ ਉੱਤੇ ਸਤਿਗੁਰ ਚੜ੍ਹ ਕੇ, ਸਭ ਨੂੰ ਦਰਸ ਦਿਖਾਇਆ ।
ਹੋਲੇ ਆਈ ਸਭ ਸੰਗਤ ਨੇ, ਰਜ ਰਜ ਦਰਸਨ ਪਾਇਆ ।
ਅਗੇ ਪਿਛੇ ਘੋੜ ਚੜ੍ਹੇ ਤੇ ਬਾਕੀ ਸੂਬੇ ਸਾਰੇ ।
ਗੁਰ ਦਰਸ਼ਨ ਤੋਂ ਸੌ ਸੌ ਵਾਰੀ ਜਾਣ ਸਦੱਕੜੇ ਵਾਰੇ ।
ਤੁਰਿਆ ਜਦੋਂ ਜਲੂਸ ਗੁਰਾਂ ਦਾ, ਵੱਜੇ ਢੋਲ ਨਗਾਰੇ ।
ਅੜੀਅਲ ਅੱਥਰੇ ਘੋੜੇ ਭੁੜਕੇ, ਮਾਰਨ ਪਏ ਫੁੰਕਾਰੇ ।
ਐਸਾ ਇੱਕ ਤਬਕਿਆ ਘੋੜਾ, ਧੂੜ ਧਮੌਂਦਾ ਜਾਵੇ ।
ਬਚਿਤ੍ਰ, ਬਚਿਤ੍ਰ, ਉਪਰ ਬੈਠਾ, ਸਿੰਘ ਦਏ ਲਲਕਾਰੇ,

ਹਾਲਾਂ ਜਲੂਸ ਖਤਮ ਨਹੀਂ ਸੀ ਹੋਇਆ ਕਿ ਅਚਾਨਕ ਇਕ ਪਾਸਿਉਂ ਰੋਣ ਦੀ ਆਵਾਜ਼ ਆਉਣ ਲਗ ਪਈ

ਹੈ! ਹੈ! ਮੇਰੇ ਬਚੜੇ ਤੇ ਪੈ ਗਿਆ ਹੈ ਕਹਿਰ ਲੋਕੋ,
ਦੇ ਗਿਆ ਵਿਛੋੜਾ ਸੈਨੂੰ ਡਾਢਾ ਬਾਲਪਨ ਦਾ

ਪ੍ਰ. ਲਾਲ ਸਿੰਘ ਕੰਵਰ

ਬਾਬਾ ਗਿਆਨੀ ਸਿੰਘ ਜੀ ਦੇ ਅਸਵ ਦੀ ਫੇਟ ਨਾਲ,
ਲੋਟਿਆ ਮਾਸੂਮ ਇਕ, ਸਵਾਸ ਗਏ ਪਧਾਰ ਨੇ ।

ਕਈ ਕਹਿਣ

ਹਾਏ ਰਬਾ, ਇਕ, ਸਾਰੇ ਰੰਗ ਵਿਚ ਭੰਗ ਪਈ ।
ਜਾਣਾ ਜਖ ਜੇਵਣਾ ਹੈ ਜੋਗੀ ਸਰਕਾਰ ਨੇ ।

Sri Satguru Jagjit Singh Ji Elibrary NamdhariElibrary@gmail.com

ਭਾਵ ਕਿ ਇਕ ਗ੍ਰੀਬ ਘੁਮਿਆਰੀ ਦਾ ਇਕਲੌਤਾ ਲੜਕਾ ਸੂਬੇ ਗਿਆਨੀ ਸਿੰਘ ਜੀ ਦੇ ਘੋੜੇ ਹੇਠ ਆ ਕੇ ਚੜ੍ਹਾਈ ਕਰ ਗਿਆ ਸੀ

ਇਕ ਮਾਈ ਦਾ ਇਕੋ ਪੁੱਤਰ, ਨਿਕਲ ਘਰੋਂ ਉਹ ਆਇਆ ।
ਭੀੜ ਭੜੱਕੇ ਦੇ ਵਿਚ ਆ ਕੇ, ਦਿਲ ਉਸ ਦਾ ਘਬਰਾਇਆ ।
ਏਨੇ ਨੂੰ ਉਸ ਘੋੜੇ ਐਸੀ, ਆਣ ਦੁਲੱਤੀ ਲਾਈ ।
ਮਾਈ ਦਾ ਇਹ ਇਕੋ ਬੱਚਾ, ਮਰਿਆ, ਸੁਰਗ ਸਿਧਿਆ ।

ਘੁਮਿਆਰੀ ਅਪਣੇ ਮਰੇ ਹੋਇ ਬੱਚੇ ਦਾ ਸਿਰ ਗੋਦ ਵਿਚ ਲੈ ਕੇ ਜ਼ਾਰ ਜ਼ਾਰ ਰੋ ਰਹੀ ਸੀ। ਜਿਹੜਾ ਵੀ ਮਰੇ ਹੋਇ ਬੱਚੇ ਨੂੰ ਅਤੇ ਮਾਈ ਦੀ ਦਰਦਨਾਕ ਹਾਲਤ ਵੇਖਦਾ ਉਹਦੇ ਵੀ ਅੱਥਰੂ ਡਿਗ ਪੈਂਦੇ । ਪੋਲੀਸ ਬਾਹਰੋਂ ਤਾਂ ਹਮਦਰਦੀ ਹੀ ਜ਼ਾਹਰ ਕਰਦੀ ਸੀ ਪਰ ਅੰਦਰੋਂ ਬਹੁਤ ਖੁਸ਼ ਸੀ, ਉਹ ਸੋਚਦੀ ਸੀ ਕਿ ਇਸ ਮਰੇ ਹੋਇ ਬੱਚੇ ਦਾ ਬਹਾਨਾ ਬਣਾ ਕੇ ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗਿਰਫਤਾਰ ਕਰਨ ਵਿਚ ਸਫ਼ਲ ਹੋ ਜਾਏਗੀ । ਪੋਲੀਸ ਨੇ ਬੜਾ ਜੋਰ ਲਾਇਆ ਕਿ ਘੁਮਿਆਰੀ ਸਤਿਗੁਰੂ ਜੀ ਦੇ ਖ਼ਿਲਾਫ਼ ਕੋਈ ਬਿਆਨ ਦੇਵੇ ਪਰ ਘੁਮਿਆਰੀ ਦੇ ਬਿਆਨ ਨੇ ਸਰਕਾਰੀ ਪਿਠੂਆਂ ਦੀਆਂ ਸਾਰੀਆਂ ਉਮੀਦਾਂ ਤੇ ਪਾਣੀ ਫੇਰ ਦਿੱਤਾ ।

**ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ ॥**
**ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ ॥**
**ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ ॥**

ਇਹ ਘੁਮਿਆਰੀ ਕੋਈ ਨਾਮਧਾਰਨ ਨਹੀਂ ਸੀ ਅਤੇ ਉਸਨੇ ਸਤਿਗੁਰੂ ਜੀ ਦੇ ਦਰਸ਼ਨ ਵੀ ਸ਼ਾਇਦ ਪਹਿਲੀ ਵੇਰ ਅਤੇ ਸ਼ਾਇਦ ਦੂਰੋਂ ਹੀ ਕੀਤੇ ਹੋਣ । ਉਸ ਦਾ ਬਿਆਨ ਕੁਝ ਇਸਤਰ੍ਹਾਂ ਦਾ ਸੀ :- ਉਹ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਤਾਂ ਅੱਲਾ ਦਾ ਪਿਆਰਾ ਹੈ । ਮੇਰੇ ਮੁੰਡੇ ਦੀ ਉਮਰ ਹੀ ਅੱਲਾ ਨੇ ਇੰਨੀ ਹੀ ਲਿਖੀ ਸੀ ਉਹ ਕਾਰਨ ਵਸ ਚੜ੍ਹਾਈ ਕਰ ਗਿਆ ਹੈ, ਇਸ ਵਿਚ ਕਿਸੇ ਦਾ ਕੀ ਦੋਸ਼ ?

ਇੰਨਾ ਕਹਿ ਕੇ ਬੱਚੇ ਦੇ ਮੋਹ ਕਰਕੇ ਰੋਣ ਲਗ ਪਈ । ਇਹੀ ਕਹਿ ਰਹੀ ਸੀ ਵੇ ਵੀਰੋ ਮੇਰੇ ਬੱਚੇ ਨੂੰ ਜਿਵਾਉਣ ਦਾ ਕੋਈ ਚਾਰਾ ਕਰੋ ।

ਕੌਤਕ ਦੇ ਰਚਣਹਾਰ ਸਤਿਗੁਰੂ ਜੀ ਰੌਲਾ ਸੁਣ ਕੇ ਉਸ ਮੁਰਦੇ ਬੱਚੇ ਕੋਲ ਆਏ

ਸੁਣ ਕੇ ਵਿਰੜੇ ਉਸ ਮਾਈ ਦੇ, ਸਤਿਗੁਰੂ ਜੀ ਮੁਸਕਰਾਏ
ਗ੍ਰੀਬ ਨਿਵਾਜ, ਮਿਹਰ ਦੇ ਦਾਤੇ, ਉਤਰ ਹਾਥੀਓਂ ਆਏ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਹਾਥੀ ਤੋਂ ਉਤਰ ਕੇ ਉਸ ਮੁਰਦੇ ਬੱਚੇ ਨੂੰ ਅਪਨੇ ਕਰ ਕਮਲਾਂ ਨਾਲ ਚੁੱਕ ਲਿਆ । ਸੱਚੇ ਪਾਤਿਸ਼ਾਹ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਬੱਚਾ ਜਿੰਦਾ ਹੋ ਗਿਆ ।

(ਕਈ ਸੱਜਣ ਬੱਚੇ ਨੂੰ ਚੁਕਣ ਦੀ ਥਾਂ ਬੱਚੇ ਨੂੰ ਚਰਣ ਛੁਆ ਕੇ ਜਿੰਦਾ ਕਰਨ ਲਿਖਦੇ ਹਨ । ਭਾਵੇਂ ਕਿਸਤਰ੍ਹਾਂ ਵੀ ਹੋਵੇ ਬੱਚਾ ਜਿੰਦਾ ਹੋ ਗਿਆ ਸੀ )

ਬੱਚੇ ਦੇ ਜਿੰਦਾ ਹੋ ਜਾਣ ਨਾਲ ਜਿਹੜੀ ਖੁਸ਼ੀ ਉਸ ਗਰੀਬਣੀ ਘੁਮਿਆਰੀ ਨੂੰ ਹੋਈ ਹੋਵੇਗੀ, ਉਹ ਤੁਸੀਂ ਆਪ ਅੰਦਾਜ਼ਾ ਲਾ ਲਓ । ਘੁਮਿਆਰੀ ਇਕੱਲੀ ਹੀ ਖੁਸ਼ ਨਹੀਂ ਸੀ ਹੋਈ ਉੱਥੇ ਤਾਂ ਸਾਰੀ ਸੰਗਤ ਹੀ ਖੁਸ਼ੀ ਵਿਚ ਨੱਚਦੀ ਟੱਪਦੀ ਹੋਈ ਕਹਿ ਰਹੀ ਸੀ

**ਧੰਨ ਸਤਿਗੁਰੂ ਜੀ , ਧੰਨ ਸਤਿਗੁਰੂ ਰਾਮ ਸਿੰਘ ਜੀ**

**ਧੰਨ ਜੀਵਾਲਣਹਾਰ ਸਤਿਗੁਰੂ ਜੀ**

ਭਾਵ ਸਾਰੇ ਅਪਣੀ ਅਪਣੀ ਸ਼ਰਧਾ ਅਨੁਸਾਰ ਸ੍ਰੀ ਸਤਿਗੁਰੂ ਜੀ ਦਾ ਜੱਸ ਕਰ ਰਹੇ ਸਨ । ਕਵੀ ਅਪਣੇ ਹੀ ਤਰੀਕੇ ਨਾਲ ਸਤਿਗੁਰੂ ਜੀ ਦਾ ਜੱਸ ਕਰਦੇ ਸਨ ਅਥਵਾ ਕਰਦੇ ਹਨ -

ਸੰਤ ਇੰਦ੍ਰ ਸਿੰਘ ਜੀ ਚੱਕ੍ਰਵਰਤੀ ਨੇ ਹੇਠ ਲਿਖੀ ਕਵਿਤਾ ਰਾਹੀਂ ਜੱਸ ਕੀਤਾ

ਚਰਨ ਲਾਇ ਕੇ ਆਖਿਆ, ਉੱਠ ਬੱਚਾ,
ਕਾਹਨੂੰ ਪਿਆ ਏਂ ਪੈਰ ਪਸਾਰ ਏਥੇ ।
ਬੱਚਾ ਉੱਠ ਬੈਠਾ, ਲੋਕੀਂ ਸਰਨ ਡਿੱਗੇ,
ਆਖਣ, ਆਇਆ ਏ ਆਪ ਕਰਤਾਰ ਏਥੇ ।
ਜਾਂ ਫਿਰ ਗੁਰੂ ਨਾਨਕ ਜਾਮਾ ਪਲਟ ਆਇਆ,
ਜਾਂ ਮੁੜ ਲੀਆ ਦਸਮੇਸ਼ ਅਵਤਾਰ ਏਥੇ ।
ਇਹ ਤੇ ਰੱਬ ਦੀ ਜੋਤ ਚਲ ਆਪ ਆਈ,
ਅਰਸ਼ੋਂ ਆਇਆ ਏ ਆਪ ਨਿਰੰਕਾਰ ਏਥੇ ।

ਸੰਤ ਤਰਨ ਸਿੰਘ ਜੀ ਵਹਿਮੀ ਇਸ ਤਰ੍ਹਾਂ ਲਿਖਦੇ ਹਨ ।

ਚਰਨ ਛੁਹਾਏ, ਮੁਖੋਂ ਆਖਦੇ, ਇਹ ਜੀਂਵਦਾ ਏ,
ਉੱਠ ਬੈਠਾ ਬਾਲ, ਮਾਈ ਕਰੇ ਸਿਰਵਾਰਨੇ ।
ਪ੍ਰੀਤਮ ਦਾ ਚੋਜ ਵੇਖ, ਪ੍ਰੇਮੀਆਂ ਤੂੰਬਰ ਪਾਇਆ
ਅੰਬਰ ਗੂੰਜਾਇਆ ਧਨ ਸਬਦ ਜੈਕਾਰ ਨੇ ।

ਸੰਤ ਭਗਤ ਸਿੰਘ ਜੀ ਪ੍ਰੇਮੀ ਲਿਖਦੇ ਹਨ

ਜੱਸ ਫੈਲਿਆ ਆਨ ਜਹਾਨ ਸਾਰੇ,
ਨਾਨਕ ਬਾਰਵਾਂ ਧਾਰ ਅਵਤਾਰ ਆਇਆ,
ਦਰਸ਼ਨ ਕੀਤਿਆਂ ਚਿਤ ਨੂੰ ਸ਼ਾਂਤ ਆਵੇ
ਕਲਾ ਲੈ ਅਨੰਤ ਕਰਤਾਰ ਆਇਆ,

ਇਕ ਹੋਰ ਕਵੀ ਲਿਖਦਾ ਹੈ

**ਪਸਰੀ** ਮਹਿਮਾ ਚਾਰ ਚੱਕ, ਸੱਚੇ ਸਤਿਗੁਰ ਦੀ ਵਡਿਆਈ,
ਚੜ੍ਹਿਆ ਸੂਰਜ ਧਰਮ ਦਾ, ਜੈ ਜੈ ਕਾਰ ਕਰੇ ਲੋਕਾਈ ।

ਸੰਤ ਕਾਲਾ ਸਿੰਘ ਜੀ ਲਿਖਦੇ ਹਨ

ਜੀਹਨੂੰ ਆਖਦੇ ਅਕਾਲ, ਸੁਰਗ ਲੋਕ ਤੇ ਪਇਆਲ ।
ਸੋਈ ਪ੍ਰਗਟਿਆ ਗੁਪਾਲ, ਰਾਮ ਸਿੰਘ ਜੋ ਕਹਾਂਵਦਾ ।

ਸ੍ਰੀ ਸਤਿਗੁਰੂ ਰਾਮ ਦਾਸ ਜੀ ਲਿਖਦੇ ਹਨ :-

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ,**
**ਤੂ ਸਾਹਿਬ ਗੁਣੀ ਨਿਧਾਨਾ** ॥

Sri Satguru Jagjit Singh Ji Elibrary NamdhariElibrary@gmail.com

ਤੁਮਰੀ ਮਹਿਮਾ ਬਰਨਿ ਨ ਸਾਕਉ,
ਤੂੰ ਠਾਕੁਰ ਊਚ ਭਗਵਾਨਾ ॥

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :-

ਦੁਆਦਸ ਪੁਰਖ ਹੈ ਆਦਿ ਸੇ, ਸਭਹਨ ਕੇ ਸਿਰਮੌਰ ।
ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀ ਔਰ ॥

ਅਤੇ ਆਪ ਜੀ ਇਹ ਵੀ ਲਿਖਦੇ ਹਨ :-

ਜਾਹੀ ਕੁਲ ਤੇ ਪ੍ਰਗਟ ਹੋਏ ਤਾਹੀ ਕੁਲ ਕੋ ਨਾਮ ॥
ਪੁਨ ਦੁਆਦਸ ਗੁਰਿੰਡ ਕੋ ਮੇਰੀ ਹੈ ਪਰਨਾਮ ॥

ਅਖੀਰ ਤੇ ਇਹ ਫਾਨੀ ਜੀਵ ਵੀ ਸਤਿਗੁਰੂ ਜੀ ਨੂੰ ਨਮਸਕਾਰ ਕਰਦਾ ਹੈ ਅਤੇ ਗਲਤੀਆਂ ਦੀ ਖਿਮਾ ਮੰਗਦਾ ਹੈ

ਸੰਤੋਖ ਸਿੰਘ ਨਾਮਧਾਰੀ